ਜਨਤਕ

ਪੈਗਾਮ

52

ਸੰਪਾਦਕ : ਮਾਲਵਿੰਦਰ ਸਿੰਘ ਮਾਲੀ   ਅਪਰੈਲ 1989   ਕੀਮਤ : 3 ਰੁਪਏ

ਸਰਕਾਰੀ ਜ਼ਬਰ ਦਾ ਨਵਾਂ ਤਜ਼ਰਬਾ

ਉਪਰੇਸ਼ਨ ਜ਼ਲੀਲ ਕਰਨਾ

(ਬਟਾਲੇ ਅੰਦਰ ਲੋਕਾਂ 'ਤੇ ਹੋ ਰਹੇ ਵਹਿਸ਼ੀ
ਅਤਿਆਚਾਰਾਂ ਦੀ ਰਿਪੋਰਟ ਅੰਦਰ ਪੜ੍ਹੋ)

ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ
ਜਿਉਂ ਜਿਉਂ ਮਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ

ਸਿਮਰਨਜੀਤ ਸਿੰਘ ਮਾਨ, ਅਤਿੰਦਰ ਪਾਲ ਸਿੰਘ ਜਗਮੋਹਨ ਸਿੰਘ ਤੇ ਦਲੀਪ ਸਿੰਘ ਨੂੰ ਫੌਰੀ ਰਿਹਾ ਕਰੋ !

ਇੰਦਰਾ ਕਤਲ ਦੀ ਸਾਂਜ਼ਸ਼ ਘੜਨ ਦਾ ਝੂਠਾ ਦੋਸ਼

ਦੁਨੀਆਂ ਭਰ ਦੇ ਕਾਨੂੰਨੀ ਇਤਿਹਾਸ 'ਚ ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਦੋਸ਼ 'ਚ ਕੁਝ ਦੋਸ਼ੀਆਂ ਨੂੰ ਫਾਂਸੀ ਲਾ ਦਿੱਤਾ ਗਿਆ ਹੋਵੇ ਤੇ ਮੜ ਉਸੇ ਦੋਸ਼ 'ਚ ਕੁਝ ਹੋਰ ਵਿਅਕਤੀਆਂ ਨੂੰ ਓਹੀ ਦੋਸ਼ ਲਾ ਕੇ ਉਨ੍ਹਾਂ 'ਤੇ ਮੁਕੱਦਮਾ ਚਲਾਇਆ ਗਿਆ ਹੋਵੇ। ਜ਼ੁਲਮ ਦੇ ਨਵੇਂ ਹੱਦਾਂ ਬੰਨੇ ਪਾਰ ਕਰਨ ਦੇ ਨਵੇਂ ਰਿਕਾਰਡ ਕਾਇਮ ਕਰਨ ਵਾਲੀ ਰਾਜੀਵ ਸਰਕਾਰ ਨੇ ਹੁਣ ਇਹ ਅਣਹੋਣੀ ਵੀ ਕਰ ਦਿਖਾਈ ਹੈ। 7 ਅਪਰੈਲ ਨੂੰ, ਇੰਦਰਾ ਨੂੰ ਕਤਲ ਕਰਨ, ਦੇਸ਼ ਨੂੰ ਅਸਥਿਰ ਕਰਨ, ਕਸ਼ਮੀਰ ਨੂੰ ਅਜਾਦ ਕਰਵਾਉਣ ਤੇ ਖਾਲਿਸਤਾਨ ਕਾਇਮ ਕਰਨ ਦੀ ਸਾਜਸ਼ ਘੜਨ ਦੇ ਝੂਠੇ ਦੋਸ਼ ਅਧੀਨ, ਸਿਮਰਨ ਜੀਤ ਸਿੰਘ ਮਾਨ, ਅਤਿੰਦਰ ਪਾਲ ਸਿੰਘ, ਪ੍ਰੋ. ਜਗਮੋਹਨ ਸਿੰਘ ਤੇ ਦਲੀਪ ਸਿੰਘ 'ਤੇ ਨਵਾਂ ਕੇਸ ਦਰਜ ਕਰ ਦਿੱਤਾ ਗਿਆ ਹੈ। ਚਾਹੀਦਾ ਤਾਂ ਇਹ ਸੀ ਕਿ ਲੋਕ ਪੱਖੀ ਸਿਆਸਤ ਦੇ ਅਧਾਰ 'ਤੇ ਫੈਸਲਾ ਕਰਕੇ ਸਤਵੰਤ ਸਿੰਘ ਤੇ ਕੇਹਰ ਸਿੰਘ ਹੁਰਾਂ ਨੂੰ ਵੀ ਬਾਇਜਤ ਰਿਹਾ ਕੀਤਾ ਜਾਦਾ ਪਰ ਦਿੱਲੀ ਸਰਕਾਰ ਨੇ ਇਨ੍ਹਾਂ ਪੰਜਾਬੀ ਸੂਰਮਿਆਂ ਨੂੰ ਫਾਂਸੀ ਲਾਉਣ ਤੋਂ ਬਾਅਦ ਹੁਣ ਇਨ੍ਹਾਂ ਚਾਰਾਂ 'ਤੇ ਓਹੀ ਝੂਠਾ ਦੋਸ਼ ਮੜ੍ਹ ਦਿਤਾ ਹੈ।

ਪੈਰ ਪੈਰ 'ਤੇ ਝੂਠ ਬੋਲਦੇ ਹਾਕਮ

ਬੇਸ਼ਰਮੀ ਦੀ ਹੱਦ ਇਹ ਹੈ ਕਿ ਵਿਸ਼ੇਸ਼ ਜਾਂਚ ਟੋਲੀ ਵਲੋਂ ਦਰਜ ਕਰਵਾਈਆਂ ਦੋਹਵਾਂ ਚਾਰਜਸ਼ੀਟਾਂ ਵਿਚ ਮਨ-ਘੜਤ ਤੱਥ ਸਪਸ਼ਟ ਨਜ਼ਰ ਆਉਂਦੇ ਹਨ। ਦੋਹਵੇਂ ਚਾਰਜ-ਸ਼ੀਟਾਂ ਇਕੋ ਐਫ.ਆਈ.ਆਰ. (241/84) ਦੇ ਅਧਾਰ 'ਤੇ ਦਰਜ ਕਰਵਾਈਆਂ ਗਈਆਂ ਹਨ। ਪਰ ਪਹਿਲੀ ਚਾਰਜ-ਸ਼ੀਟ, ਜਿਸ ਦੇ ਅਧਾਰ 'ਤੇ ਸੰਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫਾਂਸੀ ਦਿੱਤੀ ਗਈ, ਵਿਚ ਸਾਜਸ਼ ਦਾ ਇਕ ਮੁੱਖ ਦੋਸ਼ੀ ਬਲਬੀਰ ਸਿੰਘ ਬਣਾਇਆ ਗਿਆ ਹੈ ਕਿ ਇਨ੍ਹਾਂ ਦੋਸ਼ੀਆਂ ਨੇ ਉਪਰੇਸ਼ਨ ਨੀਲਾ ਤਾਰਾ ਦਾ ਬਦਲਾ ਲੈਣ ਲਈ ਸਤੰਬਰ ਦੇ ਪਹਿਲੇ ਹਫਤੇ ਬਾਜ ਦੇਖ ਕੇ ਇੰਦਰਾ ਗਾਂਧੀ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਪਰ ਦੂਜੀ ਚਾਰਜਸ਼ੀਟ 'ਚ ਕਿਹਾ ਗਿਆ ਹੈ ਕਿ 13 ਸਤੰਬਰ ਨੂੰ ਨਾਗਪੁਰ 'ਚ ਇੰਦਰਾ ਨੂੰ ਕਤਲ ਕਰਨ ਦੀ ਯੋਜਨਾ ਸਿਰੇ ਨਾ ਚੜਨ ਦੀ ਸੂਰਤ 'ਚ ਮਾਨ 'ਤੇ ਅਤਿੰਦਰ ਪਾਲ ਨੇ ਇੰਦਰਾਂ ਨੂੰ ਉਸ ਦੇ ਬਾਡੀ ਗਾਰਡਾਂ ਕੋਲੋਂ ਕਤਲ ਕਰਵਾਉਣ ਦੀ ਯੋਜਨਾ ਬਣਾਈ। ਪਹਿਲੀ ਚਾਰਜ-ਸ਼ੀਟ 'ਚ ਮਾਨ ਤੇ ਅਤਿੰਦਰ ਪਾਲ ਦਾ ਬਾਡੀਗਾਰਡਾਂ ਨਾਲ ਸੰਪਰਕ ਸੂਤਰ ਬਲਬੀਰ ਸਿੰਘ ਦਸਿਆ ਗਿਆ ਹੈ। ਪਰ ਸੁਪਰੀਮ ਕੋਰਟ ਵਲੋਂ ਬਲਬੀਰ ਸਿੰਘ ਨੂੰ ਇਸ ਝੂਠੀ ਸਾਜਸ਼ ਦੇ ਦੋਸ਼ 'ਚੋਂ ਬਰੀ ਕੀਤੇ ਜਾਣ ਕਾਰਨ ਹੁਣ ਇਨ੍ਹਾਂ ਦਾ ਸਬੰਧ ਸਿੱਧਾ ਕੇਹਰ ਸਿੰਘ, ਬੇਅੰਤ ਸਿੰਘ ਤੇ ਸਤਵੰਤ ਸਿੰਘ ਨਾਲ ਜੋੜ ਦਿੱਤਾ ਗਿਆ ਹੈ।

ਦਿੱਲੀ ਦਰਬਾਰ, ਇਸਦੇ ਪਿਆਦਿਆਂ ਤੇ ਕੂੜ ਦੀਆਂ ਇਹਨਾਂ ਅਦਾਲਤਾਂ ਕੋਲ ਕੀ, ਇਸ ਗੱਲ ਦਾ ਜੁਆਬ ਹੈ ਕਿ ਜੇ ਇੰਦਰਾ ਗਾਂਧੀ ਦੇ ਕਤਲ ਦੀ ਵਡੇਰੀ ਸਾਜਸ਼ ਬਾਰੇ ਅਜੇ ਮੁਕੱਦਮਾ ਚਲਾਇਆ ਜਾਣਾ ਸੀ ਤਾਂ ਸਤਵੰਤ ਸਿੰਘ ਤੇ ਕੇਹਰ ਸਿੰਘ ਨੂੰ ਫਾਂਸੀ ਕਿਉਂ ਦੇ ਦਿੱਤੀ ਗਈ ? ਜੇ ਸਾਜਸ ਦੀ ਖੋਜ ਪੜਤਾਲ ਹੁਣ ਪੂਰੀ ਹੋਈ ਹੈ ਤਾਂ ਕੀ ਕੇਹਰ ਸਿੰਘ ਨੂੰ ਫਾਂਸੀ ਦੇ ਕੇ ਇਸ ਅਖੌਤੀ ਨਿਆਂ ਪ੍ਰਣਾਲੀ ਦਾ ਮਜਾਕ ਨਹੀਂ ਉਡਾਇਆ ਗਿਆ। ਅਤਿੰਦਰ ਪਾਲ ਸਿੰਘ ਬਾਰਬਾਰ ਕਹਿੰਦਾ ਰਿਹਾ ਹੈ ਕਿ ਸਤਵੰਤ ਸਿੰਘ ਤੇ ਕੇਹਰ ਸਿੰਘ ਨੂੰ ਫਾਂਸੀ ਦੇਣ ਤੋਂ ਪਹਿਲਾਂ ਸੁਪਰੀਮ ਕੋਰਟ ਉਸਦਾ ਬਿਆਨ ਨੋਟ ਕਰੇ ਤਾਂ ਕਿ ਇੰਦਰਾ ਦੇ ਕਤਲ ਬਾਰੇ ਹੋਰ ਤੱਥ ਸਾਹਮਣੇ ਆ ਸਕਣ ਪਰ ਸੁਪਰੀਮ ਕੋਰਟ ਨੇ ਉਸਦੀ ਗੱਲ ਵੱਲ ਕੰਨਾ ਨਹੀਂ ਧਰਿਆ ਤੇ ਹੁਣ ਉਨ੍ਹਾਂ ਦੀ ਫਾਂਸੀ ਤੋਂ ਬਾਦ ਇਨ੍ਹਾਂ 'ਤੇ ਇਹ ਅਖੌਤੀ ਸਾਜਸ਼ ਦਾ ਕੇਸ ਮੜ੍ਹ ਦਿੱਤਾ ਗਿਆ ਹੈ।

ਅਜੀਬ ਗੱਲ ਇਹ ਹੈ ਕਿ ਸਰਮਾਏਦਾਰੀ ਪਰੈਸ ਦਾ ਵੱਡਾ ਹਿੱਸਾ ਤੇ ਬਹੁਗਿਣਤੀ ਬੁੱਧੀਜੀਵੀ ਇਸ ਗੱਲ 'ਤੇ ਸਹਿਮਤ ਹਨ ਕਿ ਠੱਕਰ ਕਮਿਸ਼ਨ ਦੀ ਰਿਪੋਰਟ ਦੇ ਮਸਲੇ 'ਤੇ ਠਿੱਠ ਹੋਏ ਰਾਜੀਵ ਗਾਂਧੀ ਨੇ ਲੋਕਾਂ ਦਾ ਧਿਆਨ ਦੂਜੇ ਪਾਸੇ ਲਾਉਣ ਅਤੇ ਅਗਲੀਆਂ ਚੋਣਾਂ 'ਚ ਇਕ ਵਾਰ ਫਿਰ ਸਿੱਖ ਭਾਈਚਾਰੇ ਨੂੰ ਆਪਣੇ ਹਮਲੇ ਦਾ ਨਿਸ਼ਾਨਾ ਬਨਾਉਣ ਲਈ ਹੁਣੇ ਤੋਂ ਹੀ ਦੇਸ਼ ਨੂੰ ਤੋੜਨ ਦੀ ਸਾਜਸ਼ ਦਾ ਢੰਡੋਰਾ ਪਿੱਟਣਾ ਸ਼ੁਰੂ ਕਰ ਦਿੱਤਾ ਹੈ। ਆਪਣੇ ਇਸ ਸਿੱਖ ਵਿਰੋਧੀ ਕਾਵਾਂ ਰੌਲੀ ਲਈ ਅਧਾਰ ਤਿਆਰ ਕਰਨ ਦੇ ਇਕ ਅੰਗ ਵਜੋਂ ਹੀ ਸਿਮਰਨ ਜੀਤ ਸਿੰਘ ਮਾਨ, ਅਤਿੰਦਰ ਪਾਲ ਸਿੰਘ ਪ੍ਰੋ. ਜਗਮੋਹਣ ਸਿੰਘ ਤੇ ਦਲੀਪ ਸਿੰਘ 'ਤੇ ਇਹ ਝੂਠਾ ਕੇਸ ਮੜ੍ਹਿਆ ਗਿਆ ਹੈ ਤਾਂਕਿ ਸਿੱਖਾਂ ਵਲੋਂ ਦੇਸ਼ ਨੂੰ ਤੋੜਨ ਦੀ ਸਾਜਸ਼ ਦਾ ਢੰਡੋਰਾ ਪਿੱਟ ਕੇ ਇਕ ਵਾਰ ਫਿਰ ਹਿੰਦੂ ਜਨੂੰਨ ਭੜਕਾਕੇ ਵੋਟਾਂ ਬਟੋਰੀਆਂ ਜਾ ਸੱਕਣ। ਪਰ ਸਿੱਖ ਭਾਈਚਾਰਾ ਅਤੇ ਇਨਸਾਫ ਪਸੰਦ ਤੇ ਜਮਹੂਰੀ ਲੋਕ ਪੁੱਛ ਸਕਦੇ ਹਨ ਕਿ ਇਹ ਕਿਹੋ ਜਿਹਾ ਕਾਨੂੰਨ ਹੈ, ਕਿਹੋ ਜਿਹਾ ਸਿਆਸੀ ਢਾਂਚਾ ਹੈ, ਕਿਹੋ ਜਿਹੀ ਹਕੂਮਤ ਹੈ ਜਿਹੜੀ ਇਕ ਵਿਅਕਤੀ ਜਾਂ ਪਾਰਟੀ ਵਲੋਂ ਆਪਣੇ ਚੋਣ ਸਟੰਟ ਲਈ ਸਮੁੱਚੇ ਭਾਈਚਾਰੇ ਨੂੰ ਬਲੀ ਦਾ ਬੱਕਰਾ ਬਨਾਉਣੋਂ ਨਹੀਂ ਰੋਕ ਸਕਦੀ। ਇਸ ਕੇਸ ਨੇ ਸਿੱਖ ਭਾਈਚਾਰੇ 'ਚ ਅਗੇ ਹੀ ਭਾਰੂ ਅਜ਼ਾਦੀ ਦੀਆਂ ਭਾਵਨਾਵਾਂ ਨੂੰ ਹੋਰ ਬਲ ਬਖਸ਼ਿਆ ਹੈ ਅਤੇ ਉਨ੍ਹਾਂ ਦੇ ਇਸ ਅਹਿਸਾਸ ਨੂੰ ਹੋਰ ਸ਼ਕਤੀ ਮਿਲੀ ਹੈ ਕਿ ਉਹ ਇਸ ਦੇਸ਼ ਵਿਚ ਗੁਲਾਮ ਹਨ ਸਾਰੇ ਇਨਸਾਫ ਪਸੰਦ ਤੇ ਜਮਹੂਰੀ ਹਲਕਿਆਂ ਨੂੰ ਇਸ ਝੂਠੇ ਕੇਸ ਦਾ ਵਿਰੋਧ ਕਰਨਾ ਚਾਹੀਦਾ ਹੈ ਤੇ ਇਨ੍ਹਾਂ ਚਾਰਾਂ ਦੀ ਫੌਰੀ ਰਿਹਾਈ ਦੀ ਮੰਗ ਕਰਨੀ ਚਾਹੀਦੀ ਹੈ। Δ

ਸਰਕਾਰੀ ਜਬਰ ਦਾ ਨਵਾਂ ਤਜਰਬਾ

"ਉਪਰੇਸ਼ਨ ਜਲੀਲ ਕਰਨਾ"

ਪਿਛਲੇ ਦਿਨੀ ਪੰਜਾਬ ਸਟੂਡੈਂਟਸ ਯੂਨੀਅਨ *(ਏ ਆਈ ਆਰ ਐਸ ਐਫ)* ਦੇ ਸਾਬਕਾ ਜਨਰਲ ਸਕੱਤਰ ਮੇਜਰ ਸਿੰਘ ਮੱਟਰਾਂ ਦੀ ਅਗਵਾਈ ਹੇਠ ਇਕ ਪੜਤਾਲੀਆ ਟੀਮ ਨੇ ਬਟਾਲਾ ਪੁਲਸ ਜ਼ਿਲੇ ਦਾ ਦੌਰਾ ਕੀਤਾ। ਟੀਮ ਪੰਜ ਦਿਨ ਜ਼ਿਲੇ ਅੰਦਰ ਰਹੀ। ਟੀਮ ਨੇ ਪੁਲਸ ਦੀਆਂ ਜਿਆਦਤੀਆਂ ਦੇ ਸ਼ਿਕਾਰ ਲੋਕਾਂ, ਪੰਚਾਂ-ਸਰਪੰਚਾਂ ਅਤੇ ਔਰਤਾਂ ਤੋਂ ਇਲਾਵਾ ਕੁਝ ਨਿਰਪੱਖ ਕਿਸਮ ਦੇ ਬੁੱਧੀਜੀਵੀਆਂ ਤੇ ਜ਼ਿਲੇ ਦੇ ਹੋਰ ਮੋਹਤਬਰ ਵਿਅਕਤੀਆਂ ਨੂੰ ਮਿਲਕੇ ਜ਼ਿਲੇ ਅੰਦਰ ਚਲ ਰਹੇ ਜ਼ਬਰ ਦੀ ਪੜਤਾਲ ਕੀਤੀ। ਟੀਮ ਨੇ ਉਹਨਾਂ ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਜਥੇਬੰਦੀਆਂ ਦੇ ਅਹੁਦੇਦਾਰਾਂ ਨਾਲ ਵੀ ਗੱਲਬਾਤ ਕੀਤੀ ਜੋ ਟੀਮ ਤੋਂ ਪਹਿਲਾਂ ਇਲਾਕੇ ਅੰਦਰ ਲੋਕਾਂ ਦੇ ਦੁਖ-ਦਰਦ ਸੁਣ ਕੇ ਆਏ ਸਨ। ਇਸ ਤਰ੍ਹਾਂ ਭਰਪੂਰ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਟੀਮ ਨੇ ਇਸ ਜ਼ਿਲੇ ਅੰਦਰ ਪੁਲਸ ਵਲੋਂ ਢਾਹੇ ਜਾ ਰਹੇ ਅਤਿਆਚਾਰਾਂ ਬਾਰੇ ਇਕਭਰਵੀਂ ਰਿਪੋਰਟ ਤਿਆਰ ਕੀਤੀ ਹੈ। ਹੇਠਾਂ ਇਸ ਰਿਪੋਰਟ ਦੇ ਅੰਤਮ ਚੈਪਟਰ ਦੇ ਕੁਝ ਹਿੱਸੇ ਛਾਪੇ ਜਾ ਰਹੇ ਹਨ। ਟੀਮ ਨੇ ਇਸ ਚੈਪਟਰ ਦਾ ਸਿਰਲੇਖ 'ਨਿਚੋੜ' ਰੱਖਿਆ ਹੈ—ਸੰਪਾਦਕ]

ਜਬਰ ਬਾਰੇ ਨਵਾਂ ਤਜਰਬਾ

ਬਟਾਲਾ ਜ਼ਿਲੇ ਅੰਦਰ ਜਾਰੀ ਪੁਲਸ ਜ਼ਬਰ ਦੀ ਘੋਖਵੀਂ ਪੜਤਾਲ ਕਰਨ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪੁੱਜੇ ਹਾਂ ਕਿ ਇਸ ਜਿਲੇ ਅੰਦਰ ਚਲ ਰਿਹਾ ਜਬਰ ਪੰਜਾਬ ਅੰਦਰ ਚਲ ਰਹੇ ਆਮ ਜ਼ਬਰ ਦਾ ਹੀ ਭਾਗ ਨਹੀਂ ਹੈ। ਇਹ ਕਈ ਮਹੱਤਵਪੂਰਨ ਪੱਖਾਂ ਤੋਂ ਉਸ ਨਾਲੋਂ ਵੱਖਰਾ ਹੈ। ਇਸਦੇ ਮੰਤਵ ਵੀ ਵੱਖਰੇ ਹਨ। ਅਸਲ ਵਿਚ ਇਹ ਜਬਰ ਆਮ ਜਬਰ ਨੂੰ ਉੱਚੇ ਪੜਾਅ 'ਤੇ ਲਿਜਾਣ ਲਈ ਕੀਤਾ ਜਾ ਰਿਹਾ ਇਕ ਮੁਢਲਾ ਤਜਰਬਾ ਹੈ ਅਤੇ ਇਸਨੂੰ ਪੰਜਾਬ ਪੁਲਸ ਅੰਦਰ ਭਾਰੂ ਕੇ.ਪੀ.ਐਸ. ਗਿੱਲ ਧੜੇ ਤੋਂ ਇਲਾਵਾ ਕੇਂਦਰੀ ਹਾਕਮਾ ਅਤੇ ਖਾਸਕਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਆਪਣੀ ਹਿਮਾਇਤ ਪ੍ਰਾਪਤ ਹੈ। ਜੇ ਇਹ ਤਜਰਬਾ ਹਾਕਮਾਂ ਦੀਆਂ ਇਛਾਵਾਂ 'ਤੇ ਪੂਰਾ ਉਤਰ ਆਉਂਦਾ ਹੈ, ਜੇ ਸਮੁੱਚੀ ਕੌਮ ਵਲੋਂ ਇਸਦੇ ਖਿਲਾਫ ਕੋਈ *ਭਰਵੀਂ ਅਤੇ ਪ੍ਰਭਾਵਸ਼ਾਲੀ ਆਵਾਜ਼ ਨਹੀਂ ਉਠਾਈ ਜਾਂਦੀ* ਤਾਂ ਕੱਲ ਨੂੰ ਇਸਨੂੰ ਸਮੁੱਚੇ ਪੰਜਾਬ 'ਤੇ ਲਾਗੂ ਕਰ ਦਿੱਤਾ ਜਾਵੇਗਾ।

ਨਵਾਂ ਤਜਰਬਾ—'ਉਪਰੇਸ਼ਨ ਜਲੀਲ ਕਰਨਾ'

ਬਟਾਲਾ ਅੰਦਰ ਪੁਲਸ ਜਬਰ ਬਾਰੇ ਕੀਤੇ ਜਾ ਰਹੇ ਤਜਰਬੇ ਦੇ ਮੁੱਖ ਪੱਖ ਇਸ ਤਰ੍ਹਾਂ ਹਨ। ਪਿੰਡਾਂ ਅੰਦਰਲੇ ਸਭ ਤੋਂ ਸਤਿਕਾਰਤ ਅਤੇ ਮੋਹਤਬਰ ਵਿਅਕਤੀਆਂ ਨੂੰ ਸ਼ਰੇਆਮ ਜਲੀਲ ਕਰਨ, ਮਾਵਾਂ-ਭੈਣਾਂ ਦੀ ਬੇਪਤੀ ਕਰਨੀ, ਨੌਜਵਾਨਾਂ ਨੂੰ ਸਮੂਹਕ ਕੁਟਾਪੇ ਚਾੜ੍ਹਨੇ, ਭਰਾਵਾਂ ਕੋਲੋਂ ਭੈਣਾਂ ਨੂੰ ਗਾਲ੍ਹਾਂ ਦਿਵਾਉਣੀਆਂ ਅਤੇ ਕੁਟਵਾਉਣਾ ਇਤਆਦਿ। ਇਸ ਤਰ੍ਹਾਂ ਬਟਾਲੇ ਅੰਦਰ ਕੀਤੇ ਜਾ ਰਹੇ ਇਸ ਨਵੇਂ ਤਜਰਬੇ ਨੂੰ 'ਉਪਰੇਸ਼ਨ ਜਲੀਲ ਕਰਨਾ' ਵੀ ਕਿਹਾ ਜਾ ਸਕਦਾ ਹੈ। ਇਸਦਾ ਮੰਤਵ ਇਲਾਕੇ ਅੰਦਰ ਸਰਗਰਮ ਖਾੜਕੂ ਨੌਜਵਾਨਾਂ ਨੂੰ ਕਾਬੂ ਕਰਨਾ ਹੀ ਨਹੀਂ, ਸਗੋਂ ਇਸ ਤੋਂ ਵੀ ਵੱਧ ਹੈ। ਇਸ ਤਜਰਬੇ ਰਾਹੀਂ ਹਾਕਮ ਲੋਕਾਂ ਨੂੰ ਇਸ ਪੱਧਰ ਤਕ ਜਲੀਲ ਕਰ ਦੇਣਾ ਚਾਹੁੰਦੇ ਹਨ ਕਿ ਉਹਨਾਂ ਅੰਦਰਲਾ ਗੈਰਤ ਦਾ ਕਣ ਸਦਾ ਸਦਾ ਲਈ ਖਤਮ ਹੋ ਜਾਵੇ। ਉਹ ਅੱਗੇ ਤੋਂ ਕੁਸਕਣ ਜੋਗੇ ਵੀ ਨਾ ਰਹਿ ਸਕਣ। ਉਹਨਾਂ ਦੀ ਮਾਨਸਿਕ ਹਾਲਤ ਇਸ ਤਰ੍ਹਾਂ ਦੀ ਬਣ ਜਾਵੇ ਕਿ ਉਹ ਕੇਂਦਰੀ ਹਾਕਮਾਂ ਦੀ ਗੁਲਾਮੀ ਨੂੰ 'ਵਾਹਿਗੁਰੂ ਦਾ ਭਾਣਾ' ਸਮਝ ਕੇ ਕਬੂਲਣਾ ਸ਼ੁਰੂ ਕਰ ਦੇਣ। ਪ੍ਰਸਿੱਧ ਪੰਜਾਬੀ ਵਿਦਵਾਨ ਪ੍ਰੋਫੈਸਰ ਕਿਸ਼ਨ ਸਿੰਘ ਠੀਕ ਹੀ ਕਿਹਾ ਕਰਦੇ ਹਨ, "ਧਾੜਵੀ ਫੌਜਾਂ ਸਭ ਤੋਂ ਪਹਿਲਾਂ ਹਾਰੀ ਹੋਈ ਕੌਮ ਦੀ ਅਣਖ 'ਤੇ ਕਰਾਰੀ ਚੋਟ ਮਾਰਦੀਆਂ ਹਨ, ਉਸ ਦੀਆਂ ਔਰਤਾਂ ਦੀ ਬੇਪਤੀ ਕਰਦੀਆਂ ਹਨ। ਆਮ ਤੌਰ 'ਤੇ ਇਹ ਖਿਆਲ ਕੀਤਾ ਜਾਂਦਾ ਹੈ ਕਿ ਜਿੱਤੇ ਹੋਏ ਫੌਜੀ ਹਾਰੀ ਹੋਈ ਵਸੋਂ ਦੀਆਂ ਔਰਤਾਂ ਦੀ ਬੇਪਤੀ ਇਸ ਕਰਕੇ ਕਰਦੇ ਹਨ ਕਿ ਫੌਜੀਆਂ ਵਿਚ ਲਿੰਗ-ਭੁੱਖ ਬੇਅੰਤ ਹੁੰਦੀ ਹੈ। ਪਰ ਇਹ ਪੂਰਾ ਸੱਚ ਨਹੀਂ। ਫੌਜੀਆਂ ਦੀ ਇਹ ਵਹਿਸ਼ਤ ਜੇਤੂਆਂ ਦੇ ਮਨੋਰਥਾਂ ਦੇ ਰਾਸ ਆਉਂਦੀ ਹੈ। ਅਗਲਿਆਂ ਦੀ ਬੂਰ ਭੰਨਦੀ ਹੈ। ਉਹਨਾਂ ਨੂੰ ਇਸ ਪੱਧਰ ਤਕ ਜਲੀਲ ਕਰ ਦੇਂਦੀ ਹੈ, ਉਹਨਾਂ ਦੀ ਮਾਨਸਿਕ ਹਾਲਤ ਐਸੀ ਬਣਾ ਦੇਂਦੀ ਹੈ ਕਿ ਉਹ ਅਗਾਂਹ ਤੋਂ ਕੁਸਕਣ ਜੋਗੇ ਵੀ ਨਹੀਂ ਰਹਿੰਦੇ।"

ਚੋਣਵੇ ਜਲਾਦ ਬਟਾਲੇ ਝੋਕ ਦਿੱਤੇ

ਕੋਈ ਵੀ ਅਜਿਹਾ ਸਰਕਾਰੀ ਅਧਿਕਾਰੀ ਜਾਂ ਪੁਲਸ ਅਫਸਰ, ਜਿਸ ਵਿਚ ਮਾਨਵਤਾ ਦਾ ਭੋਰਾ ਭਰ ਵੀ ਅੰਸ਼ ਹੋਵੇ, ਅਜਿਹੇ ਜਲੀਲ ਕਰਨ ਵਾਲੇ ਓਪਰੇਸ਼ਨ ਨੂੰ ਲਾਗੂ ਕਰਨ ਲਈ ਤਿਆਰ ਨਹੀਂ ਹੋ ਸਕਦਾ। ਇਸ ਲਈ ਸਰਕਾਰ ਨੇ ਠਾਣੇਦਾਰਾਂ ਤੋਂ ਲੈ ਕੇ ਐਸ.ਐਸ.ਪੀ. ਤਕ ਦੇ ਪੁਲਸ ਅਧਿਕਾਰੀਆਂ ਨੂੰ ਚੁਣ ਚੁਣ ਕੇ ਇਸ ਜ਼ਿਲੇ ਅੰਦਰ ਲਾਇਆ ਹੈ। ਇਹਨਾਂ ਵਿਚੋਂ ਬਹੁਤੇ ਉਹ ਅਧਿਕਾਰੀ ਹਨ ਜਿਹੜੇ ਜਾਂ ਤਾਂ ਪਹਿਲਾਂ ਹੀ ਭਰਿਸ਼ਟਾਚਾਰਾਂ ਦੇ ਮਾਮਲਿਆ ਵਿਚ ਚੰਗੇ ਰਿਕਾਰਡ ਸਥਾਪਤ ਕਰ ਚੁਕੇ ਹਨ ਜਾਂ ਜਿਹਨਾਂ ਨੇ ਲੋਕਾਂ ਦੀ ਬੇਪਤੀ ਕਾਰਨ ਵਿਚ ਚੰਗਾ ਨਾਮਣਾ ਕਮਾਇਆ ਹੋਇਆ ਹੈ। ਕਾਰਨ ਇਹ ਹੈ ਕਿ ਜਿੰਨਾ ਹੀ ਕੋਈ ਵੱਧ ਭਰਿਸ਼ਟ ਹੁੰਦਾ ਹੈ, ਲੋਕਾਂ ਨੂੰ ਜਲੀਲ ਕਰਨ 'ਚ ਉਸਦੇ ਓਨੇ ਹੀ ਵੱਧ ਹਿੱਤ ਹੁੰਦੇ ਹਨ। ਇਸ ਸਬੰਧ ਵਿਚ 'ਓਪਰੇਸ਼ਨ ਜਲੀਲ' ਦੇ ਕਮਾਂਡਰ ਗੋਬਿੰਦ ਰਾਮ (ਐਸ.ਐਸ.ਪੀ.) ਦੀ ਹੀ ਮਿਸਾਲ ਲਈ ਜਾ ਸਕਦੀ ਹੈ। ਕੁਝ ਸਾਲ ਪਹਿਲਾਂ ਹੀ ਇਹ ਵਿਅ-ਕਤੀ ਅੰਮ੍ਰਿਤਸਰ ਐਸ.ਪੀ. (ਹੈਡ-ਕੁਆਟਰਜ਼) ਹੁੰਦਾ ਸੀ। ਇਸਦੇ ਖਿਲਾਫ ਭਰਿਸ਼ਟਾਚਾਰ ਦਾ ਇਕ ਬਹੁਤ ਹੀ ਗੰਭੀਰ ਮਾਮਲਾ ਸਾਹਮਣੇ ਆਇਆ ਸੀ। ਇਨਕੁਆਰੀ ਹੋਣ'ਤੇ ਇਹ ਮਾਮਲਾ ਸਾਬਤ ਹੋ ਗਿਆ ਅਤੇ ਇਸਦੀ ਚੰਡੀਗੜ੍ਹ ਦੀ ਬਦਲੀ ਕਰ ਦਿੱਤੀ ਗਈ। ਲੰਮਾਂ ਸਮਾਂ ਅੱਡੀਆਂ ਰਗੜਾਉਣ ਤੋਂ ਬਾਅਦ ਹੀ ਉਹ ਮੁੜ ਐਸ.ਐਸ.ਪੀ. ਵਜੋਂ ਫਰੀਦਕੋਟ ਆਪਣੀ ਨਿਯੁਕਤੀ ਕਰਵਾ ਸਕਿਆ।

ਇਸ ਤੋਂ ਇਲਾਵਾ ਗੋਬਿੰਦ ਰਾਮ ਵਿਗੜੀ ਹੋਈ ਮਾਨਸਿਕਤਾ ਵਾਲੇ ਉਹਨਾਂ ਪੁਲਸੀਆਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਸ਼ਰੀਫ ਲੋਕਾਂ ਅਤੇ ਔਰਤਾਂ ਦੀ ਨਿੱਜੀ ਤੌਰ 'ਤੇ ਬੇਪਤੀ ਕਰਕੇ ਖੁਸ਼ੀਆਂ ਚੜ੍ਹਦੀਆਂ ਹਨ। ਇਹ ਗੱਲ ਉਸਨੇ ਫਰੀਦਕੋਟ ਦੀ ਆਪਣੀ ਸਰਵਿਸ ਦੌਰਾਨ ਚੰਗੀ ਤਰ੍ਹਾਂ ਸਾਬਤ ਕਰ ਦਿਤੀ ਸੀ। ਉਸਨੇ ਉਥੇ ਹਿਰਾਸਤ ਵਿਚ ਲਈਆਂ ਕੁਝ ਮਾਸੂਮ, ਨੌਜਵਾਨ ਲੜਕੀਆਂ ਨੂੰ ਆਪ ਆਪਣੇ ਹੱਥਾਂ ਨਾਲ ਬਹੁਤ ਬੁਰੀ ਤਰ੍ਹਾਂ ਕੁਟਿਆ-ਮਾਰਿਆ ਸੀ। ਲਗਦਾ ਹੈ ਕਿ ਗੋਬਿੰਦ ਰਾਮ ਦੀਆਂ ਅਜਿਹੀਆਂ ਯੋਗਤਾਵਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਹੀ ਬਟਾਲੇ ਅੰਦਰ ਕੀਤੇ ਜਾ ਰਹੇ ਜਬਰ ਦੇ ਨਵੇਂ ਤਜਰਬੇ ਦਾ ਇੰਚਾਰਜ ਲਗਾਇਆ ਗਿਆ ਹੈ।

ਅਸਲ ਗੱਲ ਇਹ ਹੈ ਕਿ ਅੱਜ ਬਟਾਲੇ ਅੰਦਰ ਇਕ ਨਹੀਂ, ਕਈ 'ਗੋਬਿੰਦ ਰਾਮ' ਹਨ। ਜਿਹੋ ਜਿਹਾ ਕਾਰਜ ਉਹਨਾਂ ਨੂੰ ਸੌਂਪਿਆ ਗਿਆ ਹੈ ਉਹ ਕੱਲੇ ਇਕਹਿਰੇ ਦੇ ਵੱਸ ਦਾ ਵੀ ਨਹੀਂ ਹੈ। ਇਸੇ ਕਰਕੇ ਹੀ ਚੌਥੀ ਦੁਨੀਆਂ ਦੇ ਪੱਤਰਕਾਰ ਸ਼ਮੀ ਸ਼ਰੀਨ ਨੇ ਲੋਕਾਂ ਦੇ ਹਵਾਲੇ ਨਾਲ ਆਪਣੀ ਰਿਪੋਰਟ ਵਿਚ ਲਿਖਿਆ ਹੈ, "ਅੱਜ ਪਿੰਡਾਂ ਅੰਦਰ ਇਹ ਰਾਏ ਆਮ ਪਾਈ ਜਾਂਦੀ ਹੈ ਕਿ ਭਾਵੇਂ ਗੋਬਿੰਦ ਰਾਮ ਵਰਗੇ ਪੁਲਸ ਕਪਤਾਨ ਨੂੰ ਉਸਦੀ ਪਦਵੀ ਤੋਂ ਹਟਾ ਵੀ ਦਿੱਤਾ ਜਾਵੇ ਜਾਂ ਕਿਸੇ ਹੋਰ ਜਗਾਹ ਬਦਲ ਦਿੱਤਾ ਜਾਵੇ, ਇਸ ਨਾਲ ਵੀ ਬਾਕੀ ਦੀ ਪੁਲਸ ਦੇ ਰਵੱਈਏ ਵਿਚ ਕੋਈ ਤਬਦੀਲੀ ਨਹੀਂ ਹੋਣ ਲੱਗੀ।"

ਗੋਬਿੰਦ ਰਾਮ—ਮਿੰਨੀ ਸੂਬੇਦਾਰ

ਜਿਥੇ ਇਕ ਪਾਸੇ ਗੋਬਿੰਦ ਰਾਮ ਵਰਗੇ ਪੁਲਸੀਆਂ ਨੂੰ ਵਿਸ਼ੇਸ਼ ਤੌਰ 'ਤੇ ਬਟਾਲੇ ਲਿਆਂਦਾ ਗਿਆ ਹੈ ਉਥੇ 'ਓਪਰੇਸ਼ਨ ਜਲੀਲ ਬਾਰੇ ਮਾੜੇ-ਮੋਟੇ ਸਵਾਲ ਉਠਾਉਣ ਵਾਲੇ ਅਧਿ-ਕਾਰੀਆਂ ਨੂੰ ਦੂਰ-ਦੂਰ ਬਦਲਿਆ ਜਾ ਰਿਹਾ ਹੈ। ਇਸ ਸਬੰਧ ਵਿਚ ਸਭ ਤੋਂ ਪ੍ਰਮੁੱਖ ਮਿਸਾਲ ਡਿਪਟੀ ਕਮਿਸਨਰ ਦਿਲਸ਼ੇਰ ਸਿੰਘ ਕਲ੍ਹਾ ਦੀ ਹੈ। ਦਿਲਸ਼ੇਰ ਸਿੰਘ ਨੇ ਸਰਕਾਰ ਨੂੰ ਭੇਜੀ ਆਪਣੀ ਇਕ ਰਿਪੋਰਟ ਵਿਚ ਗੋਬਿੰਦ ਰਾਮ ਵਲੋਂ ਇਲਾਕੇ ਅੰਦਰ ਕੀਤੀਆਂ ਜਾ ਰਹੀਆਂ ਵਾਰਦਾਤਾਂ 'ਤੇ ਉਜ਼ਰ ਕੀਤਾ ਸੀ। ਬਟਾਲੇ ਦੇ ਐਸ.ਡੀ.ਐਮ. ਕੁਲਵੰਤ ਸਿੰਘ ਨੂੰ ਵੀ ਬਦਲ ਦਿੱਤਾ ਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਉਸਦਾ ਕਸੂਰ ਸਿਰਫ ਏਨਾ ਹੀ ਸੀ ਕਿ ਉਹ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਹਮਦਰਦੀ ਨਾਲ ਸੁਣ ਜ਼ਰੂਰ ਲੈਂਦਾ ਸੀ ਭਾਵੇਂ ਕਿ ਇਹਨਾਂ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਹੁੰਦਾ ਉਸ ਕੋਲੋਂ ਵੀ ਬਹੁਤਾ ਕੁਝ ਨਹੀਂ ਸੀ। ਇਹਨਾਂ ਅਫਸਰਾਂ ਨੂੰ ਸਿਰਫ ਬਦਲਿਆ ਹੀ ਨਹੀਂ ਗਿਆ, ਇਹਨਾਂ ਦੇ ਖਿਲਾਫ ਪਰਚਾਰ ਵੀ ਵਿੱਢ ਦਿੱਤਾ ਗਿਆ ਹੈ ਕਿ ਇਹਨਾਂ ਦੇ 'ਅੱਤਵਾਦੀਆਂ' ਨਾਲ ਸਬੰਧ ਹਨ। ਸਰਕਾਰੀ ਪਿਆਦੇ 'ਸਤਪਾਲ ਡਾਂਗ' ਨੇ ਇਸ ਸਬੰਧੀ 7 ਮਾਰਚ ਦੇ ਅੰਗਰੇਜ਼ੀ ਟ੍ਰਿਬਿਊਨ ਵਿਚ ਇਕ ਲੇਖ ਵੀ ਲਿਖ ਮਾਰਿਆ ਹੈ। ਇਸ ਪਰਚਾਰ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਜਿਹੜਾ ਵੀ ਅਧਿਕਾਰੀ ਗੋਬਿੰਦ ਰਾਮ ਵਲੋਂ ਚਲਾਏ ਜਾ ਰਹੇ 'ਓਪਰੇਸ਼ਨ ਜਲੀਲ' ਦਾ ਵਿਰੋਧ ਕਰੇਗਾ ਉਸਨੂੰ ਖਾਲਸਤਾਨ ਦਾ ਹਮਾਇਤੀ ਸਮਝਿਆ ਜਾਵੇਗਾ। ਉੱਚ-ਅਧਿਕਾਰੀਆਂ ਦੀਆਂ ਬਦਲੀਆਂ ਕਰਕੇ ਸਰਕਾਰ ਨੇ ਇਹ ਸਪੱਸ਼ਟ ਕੀਤਾ ਹੈ ਕਿ ਹਰ ਇਕ ਨੂੰ, ਭਾਵੇਂ ਉਸਦੀ ਪੁਜੀਸ਼ਨ ਗੋਬਿੰਦ ਰਾਮ ਦੇ ਬਰਾਬਰ ਦੀ ਜਾਂ ਉਸ ਤੋਂ ਵੀ ਵੱਡੀ ਹੋਵੇ, ਗੋਬਿੰਦ ਰਾਮ ਨੂੰ 'ਜੀ-ਜਨਾਬ' ਕਹਿਣਾ ਹੀ ਪਵੇਗਾ, ਅਦਾਲਤਾਂ ਲਈ ਵੀ ਉਸਦਾ ਹੁਕਮ ਮੰਨਣਾ ਜ਼ਰੂਰੀ

ਹੈ। ਡੀ.ਸੀ. ਦਿਲਸ਼ੇਰ ਸਿੰਘ ਕੱਲ੍ਹਾ ਦੀ ਬਦਲੀ ਦਾ ਇਸ ਤੋਂ ਵੱਖਰਾ ਹੋਰ ਕੋਈ ਮਤਲਬ ਨਹੀਂ ਹੈ। ਇਸ ਤਰ੍ਹਾਂ ਬਟਾਲਾ ਜ਼ਿਲੇ ਦੇ ਸਬੰਧ ਵਿਚ ਸਾਰੇ ਦੇ ਸਾਰੇ ਅਧਿਕਾਰ ਗੋਬਿੰਦ ਰਾਮ ਨੂੰ ਸੌਂਪ ਦਿਤੇ ਗਏ ਹਨ। ਉਸਨੂੰ ਇਕ ਤਰ੍ਹਾਂ ਨਾਲ ਪੰਜਾਬ ਦਾ ਮਿਨੀ-ਸੂਬੇਦਾਰ ਬਣਾ ਦਿੱਤਾ ਗਿਆ ਹੈ ਜਿਸਦੇ ਅਧੀਨ ਬਟਾਲਾ ਜ਼ਿਲਾ ਹੋਵੇਗਾ।

ਪੁਲਸ ਵਹਿਸ਼ਤ ਦਾ ਸ਼ਿਕਾਰ ਪੰਚ-ਸਰਪੰਚ

ਸਰਕਾਰੀ ਤੌਰ 'ਤੇ ਕਾਨੂੰਨੀ ਅਤੇ ਗੈਰ-ਕਾਨੂੰਨੀ ਰੂਪ ਵਿਚ ਹਰ ਤਰ੍ਹਾਂ ਦੀਆਂ ਸ਼ਕਤੀਆਂ ਹਾਸਲ ਕਰ ਲੈਣ ਤੋਂ ਬਾਅਦ ਗੋਬਿੰਦ ਰਾਮ ਦੇ ਮੂੰਹੋਂ ਨਿਕਲਣ ਵਾਲਾ ਹਰ ਸ਼ਬਦ ਕਾਨੂੰਨ ਦੀ ਹੈਸੀਅਤ ਧਾਰਨ ਕਰ ਚੁੱਕਾ ਹੈ। ਮਿਸਾਲ ਵਜੋਂ ਗੋਬਿੰਦ ਰਾਮ ਦਾ ਹੁਕਮ ਹੈ ਕਿ ਜਿਹੜਾ ਵੀ ਪੰਚ ਜਾਂ ਸਰਪੰਚ ਸਰਗਰਮ ਰੂਪ ਵਿਚ ਪੁਲਸ ਦੀ ਟਾਊਟੀ ਨਹੀਂ ਕਰਦਾ ਉਸਨੂੰ ਖਾੜਕੂਆਂ ਦਾ ਹਮਾਇਤੀ ਸਮਝਿਆ ਜਾਵੇ। ਅਤੇ ਉਸ ਦੇ ਇਲਾਕੇ ਅੰਦਰ ਵਾਪਰਨ ਵਾਲੀ ਹਰ ਘਟਨਾ ਲਈ ਉਸਨੂੰ ਜ਼ੁੰਮੇਵਾਰ ਠਹਿਰਾ ਕੇ ਬਣਦੀ ਸਜਾ ਦਿੱਤੀ ਜਾਵੇ। ਸਜਾ ਦਾ ਰੂਪ ਭਰੀ ਸਭਾ ਵਿਚ ਬੇਪਤੀ ਹੋਵੇ। ਗੋਬਿੰਦ ਰਾਮ ਦੇ ਇਸ ਹੁਕਮ ਭਾਵ ਕਾਨੂੰਨ ਨੂੰ ਕਿਵੇਂ ਲਾਗੂ ਕੀਤਾ ਜਾ ਰਿਹਾ ਹੈ ਇਸਦੀ ਉਦਾਹਰਣ ਲਈ ਪੱਡੇ ਪਿੰਡ ਦੀ ਘਟਨਾ ਨੂੰ ਲਿਆ ਜਾ ਸਕਦਾ ਹੈ। ਦਸੰਬਰ ਵਿਚ ਪਿੰਡ ਤੋਂ ਕੋਈ ਦੋ ਕੁ ਕਿਲੋਮੀਟਰ ਦੂਰ ਅਜੀਤ ਸਿੰਘ ਸ਼ਾਹ ਦੀ ਬਹਿਕ ਦੇ ਨੇੜੇ ਇਕ ਪੁਲਸ ਮੁਕਾਬਲਾ ਹੋ ਗਿਆ। ਗੋਬਿੰਦ ਰਾਮ ਨੇ ਭਾਰੀ ਪੁਲਸ ਫੋਰਸ ਨਾਲ ਪਿੰਡ ਨੂੰ ਘੇਰ ਕੇ ਲੋਕਾਂ ਨੂੰ ਇਕੱਠਾ ਕਰ ਲਿਆ। ਸਰਪੰਚ ਸੋਹਨ ਸਿੰਘ ਤੋਂ ਬਗੈਰ (ਜੋ ਕਿ ਦਿਲ ਦੇ ਮਰੀਜ਼ ਹਨ) ਬਾਕੀ ਦੀ ਸਾਰੀ ਪੰਚਾਇਤ ਨੂੰ ਕੁੱਟ-ਧਰਿਆ ਅਤੇ ਬਹੁਤ ਹੀ ਭੱਦਾ ਗੰਦ ਬਕਣ ਲੱਗਿਆ। ਸਰਪੰਚ ਸੋਹਨ ਸਿੰਘ ਨੇ ਕਿਹਾ, "ਐਸ.ਐਸ.ਪੀ. ਸਾਹਿਬ ਬੱਸ ਕਰੋ। ਤੁਸੀਂ ਕੁੱਟ ਕੇ ਬਥੇਰਾ ਬੇਇਜਤ ਕਰ ਲਿਆ ਹੈ, ਹੁਣ ਗਾਹਲਾਂ ਤਾਂ ਨਾ ਕੱਢੋ।" ਸਰਪੰਚ ਸਾਹਿਬ ਦੇ ਏਨਾ ਕਹਿਣ ਦੀ ਹੀ ਦੇਰ ਸੀ ਕਿ ਪੁਲਸ ਫਿਰ ਪੰਚਾਇਤ ਮੈਂਬਰਾਂ 'ਤੇ ਟੁੱਟ ਪਈ ਅਤੇ ਅਖੀਰ ਹਰ ਇਕ ਕੋਲੋਂ ਨੱਕ ਨਾਲ ਸੌ-ਸੌ ਲਕੀਰਾਂ ਕਢਵਾਈਆਂ। ਫਿਰ ਗੁਰਦਵਾਰੇ ਲਿਆ ਕੇ ਮਾਈਕ ਫੜਾ ਦਿੱਤਾ ਤੇ ਕਹਿੰਦੇ ਕਿ ਹੁਣ ਆਪਣੇ ਆਪ ਨੂੰ ਅਤੇ ਅੱਤਵਾਦੀਆਂ ਨੂੰ ਗਾਹਲਾਂ ਕੱਢੋ।

ਪਿੰਡ ਦਾਬਾਂਵਾਲੀ ਦੀ ਘਟਨਾ ਵੀ ਕੁਝ ਏਸੇ ਤਰ੍ਹਾਂ ਦੀ ਹੈ। ਇਹ ਪਿੰਡ ਬੱਬਰ ਖਾਲਸਾ ਦੇ ਕਾਰਕੁੰਨ ਗੁਰਨਾਮ ਸਿੰਘ ਪਹਿਲਵਾਨ ਦਾ ਹੈ। ਜ਼ੁੰਮੇਵਾਰ ਪੱਤਰਕਾਰਾਂ ਦੀਆਂ ਰਿਪੋਰਟਾਂ ਮੁਤਾਬਕ ਪੁਲਸ ਨੇ ਕਈ ਮਹੀਨਿਆਂ ਤੋਂ ਪਹਿਲਵਾਨ ਨੂੰ ਹਿਰਾਸਤ ਵਿਚ ਰਖਿਆ ਹੋਇਆ ਹੈ ਪਰ ਉਸਦੀ ਕੋਈ ਦੱਸ-ਪੁੱਛ ਨਹੀਂ ਪਾ ਰਹੀ। ਲੋਕਾਂ ਅੰਦਰ ਪਰਚਲਤ ਦੰਦ-ਕਥਾ ਮੁਤਾਬਕ ਪਹਿਲਵਾਨ ਨੂੰ ਬਟਾਲੇ ਸਥਿੱਤ 'ਪੁਲਸੀ ਬੁੱਚੜਖਾਨੇ 'ਬੀਕੋ' ਵਿਚ ਰਖਿਆ ਜਾ ਰਿਹਾ ਹੈ। ਇਸ 'ਬੁੱਚੜਖਾਨੇ' ਵਿਚ ਲੋਕਾਂ ਨੂੰ ਟਾਰਚਰ ਕਰਨ ਲਈ ਪੁਲਸ ਨੇ ਅੱਤ ਆਧੁਨਿਕ ਕਿਸਮ ਦੇ ਯੰਤਰ ਫਿੱਟ ਕੀਤੇ ਹੋਏ ਹਨ। ਲੋਕ ਇਹਨਾਂ ਯੰਤਰਾਂ ਨੂੰ ਅਠਾਰਵੀਂ ਸਦੀ ਦੀਆਂ ਚਰਖੜੀਆਂ ਨਾਲ ਮੇਲ ਕੇ, ਇਥੇ ਹੋ ਰਹੇ ਤਸ਼ੱਦਦ ਦੀਆਂ ਬਹੁਤ ਹੀ ਹੌਲਨਾਕ ਕਹਾਣੀਆਂ ਸੁਣਾਉਂਦੇ ਹਨ।

ਗੋਬਿੰਦ ਰਾਮ ਦੀ ਅਗਵਾਈ ਹੇਠ ਹੀ ਪੁਲਸ ਅਤੇ ਬੀ.ਐਸ.ਐਫ. ਨੇ ਇਸ ਪਿੰਡ ਨੂੰ ਘੇਰ ਲਿਆ। ਆਮ ਲੋਕਾਂ, ਪੰਚਾਂ, ਨੰਬਰਦਾਰਾਂ ਅਤੇ ਪਿੰਡ ਦੇ ਹੋਰ ਮੋਹਤਬਰਾਂ ਨੂੰ ਇਕੱਠੇ ਕਰ ਲਿਆ ਗਿਆ। ਗੋਬਿੰਦ ਰਾਮ ਨੇ ਹੁਕਮ ਕੀਤਾ, "ਵੀਹ-ਵੀਹ ਛਿੱਤਰ ਪੰਚਾਂ ਤੇ ਨੰਬਰਦਾਰਾਂ ਦੇ, ਪੰਜਾਹ ਮਾਰੋ ਸਰਪੰਚ ਦੇ।" ਇਸ ਤੋਂ ਪਹਿਲਾਂ ਕਿ ਪੰਚ ਜਾਂ ਸਰਪੰਚ ਆਪਣੀ ਕੋਈ ਸਫਾਈ ਪੇਸ਼ ਕਰਦੇ, ਗੋਬਿੰਦ ਰਾਮ ਦੇ ਪਿਆਦਿਆਂ ਨੇ ਅੱਖ ਦੇ ਫੋਰੇ ਵਿਚ ਹੀ ਹੁਕਮ ਦੀ ਤਾਮੀਲ ਕਰ ਦਿੱਤੀ।

ਇਸੇ ਤਰ੍ਹਾਂ ਪਿੰਡ ਮਾਥੋਲਾ ਦੇ ਬਜ਼ੁਰਗ ਸਰਪੰਚ ਤਾਰਾ ਸਿੰਘ (ਉਮਰ 70 ਸਾਲ) ਨਾਲ ਵੀ ਪੁਲਸ ਨੇ ਬਹੁਤ ਅਪਮਾਨਜਨਕ ਸਲੂਕ ਕੀਤਾ। ਕਾਰਨ ਇਹ ਸੀ ਕਿ ਬਜ਼ੁਰਗ ਸਰਪੰਚ ਦੇ ਘਰ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿੱਤ ਇਕ ਫਾਰਮ ਹਾਊਸ 'ਤੇ ਕੁਝ ਖਾੜਕੂ ਨੌਜਵਾਨ ਠਹਿਰ ਕੇ ਗਏ ਸਨ। ਪੁਲਸ ਦਾ ਕਹਿਣਾ ਸੀ ਕਿ ਸਰਪੰਚ ਨੇ ਉਸਨੂੰ ਇਸ ਬਾਰੇ ਜਾਣਕਾਰੀ ਕਿਉਂ ਨਾ ਦਿੱਤੀ ਜਦੋਂ ਕਿ ਸਰਪੰਚ ਹੋਰਾਂ ਮੁਤਾਬਕ ਇਕ ਕਿਲੋਮੀਟਰ ਦੂਰ ਕਿਸੇ ਘਰ ਵਿਚ ਕੌਣ ਆ ਰਿਹਾ ਹੈ ਤੇ ਕੌਣ ਜਾ ਰਿਹਾ ਹੈ ਇਸਦਾ ਕਿਵੇਂ ਪਤਾ ਲਗ ਸਕਦਾ ਹੈ।

ਅਜਿਹੇ ਕੇਸਾਂ ਦੀਆਂ ਦਰਜਨਾਂ ਹੀ ਮਿਸਾਲਾਂ ਗਿਣਵਾਈਆਂ ਜਾ ਸਕਦੀਆਂ ਹਨ।

ਗੋਬਿੰਦ ਰਾਮ ਦਾ ਇਕ ਹੋਰ ਹੁਕਮ, ਜਿਸਨੂੰ ਕਾਨੂੰਨ ਵਾਂਗੂ ਲਾਗੂ ਕੀਤਾ ਜਾ ਰਿਹਾ ਹੈ, ਇਹ ਹੈ ਕਿ ਜੇ ਕੋਈ ਪੰਚਾਇਤ ਮੈਂਬਰ ਜਾਂ ਹੋਰ ਮੋਹਤਬਰ ਵਿਅਕਤੀ ਹਿਰਾਸਤ ਵਿਚ ਲਏ ਗਏ ਕਿਸੇ ਵੀ ਵਿਅਕਤੀ ਦੀ ਸਫਾਈ ਦੇਣ ਆਵੇ ਤਾਂ ਉਸ ਨਾਲ ਇਸ ਤਰ੍ਹਾਂ ਪੇਸ਼ ਆਇਆ ਜਾਵੇ ਕਿ ਅਗਾਂਹ ਤੋਂ ਮੁੜ ਕਦੀ ਉਹ ਥਾਣੇ ਵਲ ਮੂੰਹ ਕਰਨ ਦੀ ਹਿੰਮਤ ਨਾ ਕਰ ਸਕੇ। ਗੋਬਿੰਦ ਰਾਮ ਦੇ ਇਸ ਹੁਕਮ ਤੋਂ

ਅਨਜਾਣ 12 ਪੰਚ ਅਤੇ ਸਰਪੰਚ ਉਸ ਨੂੰ ਮਿਲਣ ਡੀ.ਏ.ਵੀ ਸਕੂਲ ਬਟਾਲੇ ਮਿਲਣ ਚਲੇ ਗਏ। ਉਹ ਕੁਝ ਅਜਿਹੇ ਨੌਜਵਾਨਾਂ ਨੂੰ ਛੁਡਵਾਉਣਾ ਚਾਹੁੰਦੇ ਸਨ ਜਿਹਨਾਂ ਨੂੰ ਬਿਨਾਂ ਕਿਸੇ ਕਸੂਰ ਦੇ ਪੁਲਸ ਨੇ ਹਿਰਾਸਤ ਵਿਚ ਲੈ ਲਿਆ ਸੀ। ਪੰਚਾਂ-ਸਰਪੰਚਾਂ ਨੂੰ ਭਰਮ ਸੀ ਕਿ ਜਦੋਂ ਉਹ 'ਐਸ.ਐਸ.ਪੀ. ਸਾਹਿਬ' ਨੂੰ ਹਿਰਾਸਤ ਵਿਚ ਲਏ ਗਏ ਮੁੰਡਿਆਂ ਦੇ ਨਿਰਦੋਸ਼ ਹੋਣ ਬਾਰੇ ਸਾਰੇ ਸਬੂਤ ਪੇਸ਼ ਕਰ ਦੇਣਗੇ ਤਾਂ ਉਹ ਜ਼ਰੂਰ ਹੀ ਉਹਨਾਂ ਨੂੰ ਫੌਰੀ ਛੱਡ ਦੇਣ ਦੇ ਹੁਕਮ ਦੇ ਦੇਵੇਗਾ। ਭੋਲਿਆਂ-ਪੰਛੀਆਂ ਨੂੰ ਇਹ ਨਹੀਂ ਸੀ ਪਤਾ ਕਿ ਇਹ ਗੱਲਾਂ ਤਾਂ ਭਲਿਆਂ ਸਮਿਆਂ ਦੀਆਂ ਹੁੰਦੀਆਂ ਹਨ, ਨਾਲੇ ਹੁਣ 'ਸਾਹਿਬ' ਵੀ ਅਗਲਾ ਗੋਬਿੰਦ ਰਾਮ ਹੈ ਜਿਹੜਾ ਆਇਆਂ ਹੀ 'ਜਲੀਲ ਕਰਨ' ਦੇ ਵਿਸ਼ੇਸ਼ ਮਿਸ਼ਨ 'ਤੇ ਹੈ। ਪੰਚਾਂ-ਸਰਪੰਚਾਂ ਦੀ ਗੱਲ ਅਜੇ ਮੂੰਹ ਵਿਚ ਹੀ ਸੀ ਕਿ ਹੁਕਮ ਹੋ ਗਿਆ, "ਇਹਨਾਂ ਨੂੰ ਢਾਹ ਲਓ, ਗੱਲ ਬਾਅਦ ਵਿਚ ਸੁਣਾਂਗੇ"। ਪੁਲਸੀਆਂ ਨੇ ਹੁਕਮ ਸੁਣਦਿਆਂ ਹੀ ਪੰਚਾਂ ਨੂੰ ਬਹੁਤ ਬੁਰੀ ਤਰ੍ਹਾਂ ਮਾਰਿਆ।

ਪਿੰਡ ਟਪਿਆਲਾ ਦੇ ਬਜ਼ੁਰਗ ਸਰਪੰਚ ਬੂਟਾ ਸਿੰਘ ਨੇ ਦਸਿਆ ਕਿ ਉਹਨਾਂ ਦੇ ਪਿੰਡ ਦੇ ਭਗਵਾਨ ਸਿੰਘ ਦੇ ਘਰ ਪੁਲਸ ਮੁਕਾਬਲਾ ਹੋ ਗਿਆ। ਇਕ ਪੁਲਸ ਵਾਲਾ ਅਤੇ ਇਕ ਖਾੜਕੂ ਜਸਪਾਲ ਸਿੰਘ ਮੌਕੇ 'ਤੇ ਮਾਰਿਆ ਗਿਆ। ਭੁਪਿੰਦਰ ਸਿੰਘ ਭਿੰਦਾ ਬਚ ਗਿਆ। ਪੁਲਸ ਨੇ ਚਿੱਪ 'ਚ ਆਕੇ ਭਗਵਾਨ ਸਿੰਘ ਦੀਆਂ ਅੱਖਾਂ ਦੇ ਸਾਹਮਣੇ ਹੀ ਉਸਦੇ ਇਕ ਲੜਕੇ ਮੇਜਰ ਸਿੰਘ ਨੂੰ ਗੋਲੀ ਮਾਰ ਕੇ ਢੇਰੀ ਕਰ ਦਿੱਤਾ ਅਤੇ ਦੂਸਰੇ ਲੜਕੇ, ਜੋ ਬਾਂਹ ਕੱਟੀ ਕਾਰਨ ਅਪਾਹਜ ਹੈ, ਦੇ ਘਰ ਨੂੰ ਅੱਗ ਲਾਕੇ ਸਾਰਾ ਸਮਾਨ ਸਾੜ ਦਿਤਾ। ਇਸ ਪਿਛੋਂ ਉਹ ਭਗਵਾਨ ਸਿੰਘ ਅਤੇ ਉਸਦੇ ਦੋ ਭਰਾਵਾਂ ਬਲਦੇਵ ਸਿੰਘ ਅਤੇ ਸੰਤੋਖ ਸਿੰਘ, ਜੋ ਅਲੱਗ-ਅਲੱਗ ਘਰਾਂ ਵਿਚ ਰਹਿ ਰਹੇ ਸਨ, ਨੂੰ ਵੀ ਨਾਲ ਲੈ ਗਏ। ਘਟਨਾ ਦੇ ਤੀਸਰੇ ਦਿਨ ਬਾਅਦ ਸਰਪੰਚ ਅਤੇ ਇਲਾਕੇ ਦੇ 50-60 ਹੋਰ ਮੋਹਤਬਰ ਬਲਦੇਵ ਸਿੰਘ ਅਤੇ ਸੰਤੋਖ ਸਿੰਘ ਦੀ ਨਿਰਦੋਸ਼ਤਾ ਬਾਰੇ ਸ਼ਾਹਦੀ ਦੇਣ ਲਈ ਡਿਪਟੀ ਕੋਲ ਪਹੁੰਚੇ ਪਰ ਉਹਨਾਂ ਨੂੰ ਬਹੁਤ ਹੀ ਗੰਦੀਆਂ ਗਾਲ੍ਹਾਂ ਖਾਣ ਤੋਂ ਛੁੱਟ ਕੁਝ ਵੀ ਹੱਥ ਨਾ ਆਇਆ।

ਕਾਦੀਆਂ ਵਿਖੇ ਔਰਤਾਂ ਨੂੰ ਕੁੱਟਮਾਰ ਕੀਤੀ ਗਈ। ਕਈਆਂ ਦੇ ਤਾਂ ਗੁੱਟ ਟੁੱਟ ਗਏ। ਪਰ ਜਦੋਂ ਇਸ ਬਾਰੇ ਪੰਚਾਇਤ ਥਾਣੇ ਗਈ ਤਾਂ ਉਸ ਨਾਲ ਵੀ ਬਹੁਤ ਬਦਸਲੂਕੀ ਕੀਤੀ ਗਈ।

ਕਾਦੀਆਂ ਲਾਗੇ ਬੁੱਟਰ ਪਿੰਡ ਦੇ ਪੰਚਾਇਤ ਮੈਂਬਰ ਜਦ ਪੁਲਸ ਦੀਆਂ ਵਧੀਕੀਆਂ ਖਿਲਾਫ ਰੋਸ ਜਾਹਰ ਕਰਨ ਗਏ ਤਾਂ ਉਨ੍ਹਾਂ ਨੂੰ ਉਥੇ ਬਿਠਾ ਲਿਆ ਗਿਆ ਤੇ ਕੁਟ-ਮਾਰ ਕੀਤੀ ਗਈ।

ਪੰਚਾਇਤਾਂ ਨੂੰ ਜਲੀਲ ਕਰਨ ਵਾਲੇ ਇਸ ਤਰ੍ਹਾਂ ਦੇ ਹੋਰ ਕਿੰਨੇ ਹੀ ਹੋਰ ਕੇਸ ਗਿਣਵਾਏ ਜਾ ਸਕਦੇ ਹਨ।

ਲੋਕਾਂ ਦਾ ਕਹਿਣਾ ਹੈ ਕਿ ਸਿਰਫ ਉਸ ਟਾਊਟ-ਨੁਮਾ ਪੰਚ-ਸਰਪੰਚ ਨੂੰ ਹੀ ਹੀ ਥਾਣੇ ਦੇ ਨੇੜੇ ਲੱਗਣ ਦਿਤਾ ਜਾਂਦਾ ਹੈ ਜੋ ਕਿਸੇ ਨੂੰ ਛੁਡਵਾਉਣ ਲਈ ਦਿੱਤੀ ਜਾਣ ਵਾਲੀ ਰਿਸ਼ਵਤ ਦੀ ਰਕਮ ਤਹਿ ਕਰਨ ਆਉਂਦਾ ਹੈ। ਦੂਸਰਿਆਂ ਨੂੰ ਬੁਰੀ ਤਰ੍ਹਾਂ ਬੇਪਤ ਕਰਕੇ ਭਜਾ ਦਿਤਾ ਜਾਂਦਾ ਹੈ।

ਮਾਵਾਂ ਭੈਣਾਂ ਦੀ ਬੇਪਤੀ

"ਉਪਰੇਸ਼ਨ ਜਲੀਲ ਕਰਨਾ"ਦਾ ਅਗਲਾ ਮਹੱਤਵਪੂਰਨ ਅੰਗ ਔਰਤਾਂ ਦੀ ਬੇਪਤੀ ਕਰਨਾ ਹੈ। ਮਰਦਾਨਾ ਪੁਲਸ ਵਲੋਂ ਔਰਤਾਂ ਨੂੰ ਗ੍ਰਿਫਤਾਰ ਕਰਨਾ, ਕਈ ਕਈ ਕਈ ਦਿਨ ਥਾਣਿਆਂ ਅੰਦਰ ਬੰਦ ਕਰੀ ਰੱਖਣਾ, ਥਾਣਿਆਂ ਅਦਰ ਗੰਦ ਬਕਣਾ ਆਮ ਜਿਹੀ ਗੱਲ ਬਣ ਚੁੱਕੀ ਹੈ। ਇਸੇ ਜਿਲੇ ਅੰਦਰ ਜਨਾਨਾ ਪੁਲਸ ਨਾਂ-ਮਾਤਰ ਹੀ ਹੈ। ਔਰਤਾਂ ਨੂੰ ਗੰਦ ਬਕਣਾ ਤਾਂ ਇਕ ਪਾਸੇ ਰਿਹਾ, ਮਰਦਾਨਾ ਪੁਲਸ ਵੱਲੋਂ ਉਨ੍ਹਾਂ ਨੂੰ ਕੁੱਟਣ-ਮਾਰਣ, ਘੋਟਣੇ ਲਾਉਣ ਅਤੇ ਇਥੋਂ ਤਕ ਕਿ ਭਰਾਵਾਂ ਕੋਲੋਂ ਭੈਣਾਂ ਨੂੰ ਕੁਟਵਾਉਣ ਦੇ ਵੀ ਕਈ ਕੇਸ ਗਿਣਵਾਏ ਜਾ ਸਕਦੇ ਹਨ। ਲੋਕ ਔਰਤਾਂ ਨੂੰ ਥਾਣਿਆਂ ਅੰਦਰ ਨੰਗੇ ਕਰਨ ਦੇ ਵੀ ਕਈ ਕੇਸ ਦਸਦੇ ਹਨ। ਸਮਾਜਕ ਦਬਾ ਕਾਰਨ ਔਰਤਾਂ ਇਹਨਾਂ ਕੇਸਾਂ ਨੂੰ ਅਖਬਾਰਾਂ ਵਿਚ ਨਹੀਂ ਛਪਵਾਉਣਾ ਚਾਹੁੰਦੀਆਂ। ਹਾਂ, ਜੇ ਕੋਈ ਨਿਰਪੱਖ ਕਮੀਸ਼ਨ ਨਿਯੁਕਤ ਕੀਤਾ ਜਾਵੇ ਅਤੇ ਉਸਦੀ ਕਾਰਵਾਈ ਗੁਪਤ ਰੱਖੀ ਜਾਵੇ ਤਾ ਅਜਿਹੇ ਕੇਸ ਸੌਖ ਨਾਲ ਹੀ ਸਾਬਤ ਕੀਤੇ ਜਾ ਸਕਦੇ ਹਨ।

ਚੀਮਾਂ ਖੁੱਦੀ ਦੇ ਲੋਕਾਂ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਦੇ ਜੁਗਰਾਜ ਸਿੰਘ ਉਰਫ ਤੂਫਾਨ ਸਿੰਘ ਦੀ ਭੈਣ ਦਾ ਥਾਣੇ ਦੀ ਕੰਧ ਨਾਲ ਸਿਰ ਮਾਰਕੇ ਸਿਰ ਪਾੜ ਦਿਤਾ ਗਿਆ। ਇਸ ਲੜਕੀ ਨੇ ਪੁਲਸ ਅਧਿਕਾਰੀ ਵਲੋਂ ਜਬਰੀ ਉਸਦੀ ਕਿਰਪਾਨ ਉਤਾਰਨ ਦਾ ਵਿਰੋਧ ਕੀਤਾ ਸੀ।

ਬੱਬਰ ਖਾਲਸਾ ਦੇ ਇਕ ਕਾਰਕੁੰਨ ਦੀ ਪਤਨੀ ਅਤੇ ਚਾਰ ਨਬਾਲਗ ਲੜਕੀਆਂ ਨੂੰ ਪੁਲਸ ਨੇ ਏਨਾਂ ਜ਼ਿਆਦਾ ਕੁਟਿਆ-ਮਾਰਿਆ ਹੈ ਕਿ ਉਹ ਹੁਣ ਪਿੰਡ ਛੱਡਕੇ ਕਿਧਰੇ ਚਲੀਆਂ ਗਈਆਂ ਹਨ। ਜਨਸੱਤਾ ਦੇ ਪੱਤਰਕਾਰ ਸੁਰੇਂਦਰ ਅਵਸਥੀ ਨੇ ਵੀ ਇਸ ਕੇਸ ਦਾ 21 ਮਾਰਚ ਦੇ ਪਰਚੇ ਵਿਚ ਜ਼ਿਕਰ ਕੀਤਾ ਹੈ।

ਕਾਸਤੀਵਾਲ ਦੇ ਧਰਮ ਸਿੰਘ ਦੀ ਮਾਤਾ ਨੇ ਦੱਸਿਆ ਕਿ ਉਸਦਾ ਲੜਕਾ ਪਿਛਲੇ ਚਾਰ ਸਾਲਾਂ ਤੋਂ ਘਰ ਨਹੀਂ ਆਇਆ, ਪਰ ਪੁਲਸ ਵਾਲੇ ਸਾਨੂੰ ਬਾਰ ਬਾਰ ਥਾਣੇ ਲਿਜਾਕੇ ਜਲੀਲ ਕਰ ਰਹੇ ਹਨ। ਘਰ ਦੇ ਕੱਪੜੇ ਅਤੇ ਹੋਰ ਸਾਜ ਸਮਾਨ ਵੀ ਚੁੱਕ ਕੇ ਲੈ ਗਏ ਹਨ।

ਫੈਡਰੇਸ਼ਨ ਦੇ ਬੁੱਟਰ ਧੜੇ ਦੇ ਇਕ ਚੋਟੀ ਦੇ ਆਗੂ ਸੀਤਲ ਸਿੰਘ ਮੱਤੇਵਾਲ ਦੀ ਪਤਨੀ ਨਿੰਦੋ ਅਤੇ ਭਰਜਾਈ ਨੂੰ ਗੋਬਿੰਦ ਰਾਮ ਦੀ ਹਾਜ਼ਰੀ ਵਿਚ ਕੁੱਟਿਆ ਗਿਆ।ਦੋ ਕੁ ਸਾਲ ਪਹਿਲਾਂ ਇਕ ਹੋਰ ਪੁਲਸ ਅਫਸਰ ਨੇ ਉਸਦਾ ਸਿਰ ਪਾੜ ਦਿਤਾ ਸੀ।

ਕੋਟਲੇ ਦੇ ਸਰਪੰਚ ਦੇ ਨਾ ਫੜੇ ਜਾਣ 'ਤੇ ਪੁਲਸ ਨੇ ਉਸਦੀ ਪਤਨੀ ਨੂੰ ਹੀ ਕੁੱਟ ਧਰਿਆ। ਇਸੇ ਤਰ੍ਹਾਂ ਘੋਗੇ ਦੇ ਸਰਪੰਚ ਦੀ ਪਤਨੀ ਨੂੰ ਵੀ ਪੁਲਸੀਆਂ ਵੱਲੋਂ ਚਪੇੜਾਂ ਮਾਰੇ ਜਾਣ ਦਾ ਪਤਾ ਲੱਗਿਆ ਹੈ।

ਦੌਲੇਵਾਲ ਦੀ ਮਨਜੀਤ ਕੌਰ ਨੂੰ ਏਨਾ ਮਾਰਿਆ ਗਿਆ ਕਿ ਉਸਦੇ ਹੱਥ-ਪੈਰ ਏਨੀ ਬੁਰੀ ਤਰ੍ਹਾਂ ਸੁੱਜ ਗਏ ਕਿ ਉਹ ਕਈ ਦਿਨ ਮੰਜੇ ਤੋਂ ਨਾ ਉੱਠ ਸਕੀ। ਸਿਰ ਪਾਟ ਜਾਣ ਕਾਰਨ 10 ਦਿਨ ਵਾਲਾਂ ਵਿਚ ਕੰਘੀ ਨਾ ਹੋ ਸਕੀ।

ਇਸੇ ਪਿੰਡ ਦੀ ਸ਼ਵਿੰਦਰ ਕੌਰ ਨੂੰ ਥਾਣੇ ਅੰਦਰ ਸੱਤ ਰਾਤਾ ਰਖਿਆ ਗਿਆ। ਸ਼ਵਿੰਦਰ ਕੌਰ ਅਤੇ ਘਰ ਦੀ ਇਕ ਬਜ਼ੁਰਗ ਔਰਤ ਦਾ ਕਹਿਣਾ ਹੈ "ਛਾਪੇ ਦੌਰਾਨ ਪੁਲਸ ਬਹੁਤ ਜਲੀਲ ਕਰਦੀ ਹੈ। ਐਸਾ ਗੰਦ ਬਕਦੇ ਹਨ ਕਿ ਤੁਹਾਨੂੰ ਦੱਸ ਨਹੀਂ ਸਕਦੇ। ਸਾਡੇ ਦਿਲ ਹੁਣ ਏਨੇ ਪਤਲੇ ਪੈ ਚੁਕੇ ਹਨ ਹਨ ਕਿ ਜੇ ਕੰਧ 'ਤੇ ਕੁੱਤੇ ਦਾ ਖੜਾਕ ਵੀ ਹੋਵੇ ਤਾਂ ਸਾਡਾ ਦਿਲ ਦਹਿਲ ਜਾਂਦਾ ਹੈ ਕਿ ਲਉ ਫਿਰ ਸ਼ਾਮਤ ਆ ਗਈ।

ਕਲਾਨੌਰ ਦੇ ਨੇੜਲੇ ਪਿੰਡ ਪੇਡੂਵਾਲ ਦੇ ਅਮਰਜੀਤ ਸਿੰਘ ਨੂੰ ਗਰਿਫਤਾਰ ਕਰਕੇ ਪੁਲਿਸ ਬਟਾਲੇ ਸਦਰ ਥਾਣੇ ਲੈ ਆਈ। ਅਮਰਜੀਤ ਦੀ ਭੈਣ ਅਮਰਜੀਤ ਕੌਰ ਨੂੰ ਪੁਲਸ ਪਹਿਲਾਂ ਹੀ ਉਸਦੇ ਸੌਹਰੇ ਘਰੋਂ ਗਰਿਫਤਾਰ ਕਰਕੇ ਲਿਆਈ ਹੋਈ ਸੀ। ਅਮਰਜੀਤ ਨੂੰ ਆਪਣੀ ਹੀ ਭੈਣ ਨੂੰ ਕੁੱਟਣ ਲਈ ਮਜਬੂਰ ਕੀਤਾ ਗਿਆ।

ਤਲਵੰਡੀ ਲਾਲ ਸਿੰਘ ਦੇ ਗਿਆਨ ਸਿੰਘ ਦੀ ਪਤਨੀ ਪ੍ਰਕਾਸ਼ ਕੌਰ ਅਤੇ ਸਾਰਚੂਰ ਦੇ ਗਰੰਥੀ ਅਵਤਾਰ ਸਿੰਘ ਦੀ ਪਤਨੀ ਨੂੰ ਘੋਟਣੇ ਲਾਏ ਗਏ।

ਗੋਬਿੰਦਰਾਮ ਵਲੋਂ ਪਿੰਡਾਂ ਅੰਦਰ ਲੋਕਾਂ ਨੂੰ ਇੱਕਠੇ ਕਰਕੇ ਇਹੋ ਜਿਹੀਆਂ ਧਮਕੀਆਂ ਦੇਣ ਦਾ ਵੀ ਪਤਾ ਲੱਗਿਆ ਹੈ ਕਿ ਜੇ ਉਹਨਾਂ ਦੇ ਪਿੰਡਾਂ ਅੰਦਰ ਕੋਈ ਘਟਨਾ ਹੋਈ ਤਾਂ ਸਬੰਧਤ ਪਿੰਡਾਂ ਦੀਆਂ ਲੜਕੀਆਂ ਨੂੰ ਸੱਥ 'ਚ ਲੰਮੀਆਂ ਪਾ ਕੇ ਕੁਟਾਪਾ ਚਾੜ੍ਹੇਗਾ। ਗੋਬਿੰਦ ਰਾਮ ਦੀਆਂ ਅਜਿਹੀਆਂ ਧਮਕੀਆਂ ਤੋਂ ਡਰਦਿਆਂ ਕੁਝ ਲੜਕੀਆਂ ਜ਼ਿਲੇ ਤੋਂ ਬਾਹਰ ਭੇਜ ਦਿਤੀਆਂ ਗਈਆਂ ਹਨ। ਇਸ ਸਬੰਧ ਵਿਚ ਪਿੰਡ ਸਾਰਚੂਰ ਦੀ ਮਿਸਾਲ ਦਿਤੀ ਜਾ ਸਕਦੀ ਹੈ।

ਸਾਰਚੂਰ ਦੀ ਸੁਰਜੀਤ ਕੌਰ ਬਾਰੇ ਗੋਬਿੰਦ ਰਾਮ ਦਾ ਕਹਿਣਾ ਹੈ "ਸੁਰਜੀਤ ਕੌਰ ਨੂੰ ਜੇਲ੍ਹੋਂ ਬਾਹਰ ਆ ਲੈਣ ਦਿਓ ਫਿਰ ਦੇਖਾਂਗੇ, ਨੰਗੀ ਕਰਕੇ ਪਿੰਡ ਦੇ ਸਾਹਮਣੇ ਨਾ ਨਚਾਇਆ ਤਾਂ ਕਹਿਣਾ" ਗੋਬਿੰਦ ਰਾਮ ਨੇ ਇਹ ਧਮਕੀ ਪਿੰਡ ਦੀ ਭਰੀ ਸਭਾ ਵਿਚ ਦਿੱਤੀ ਸੀ।

ਜਨਤਕ ਕੁਟਾਪੇ/ਪਰਸ਼ਾਦ ਦੇਣਾ

"ਓਪਰੇਸ਼ਨ ਜਲੀਲ ਕਰਨ" ਦਾ ਤੀਜਾ ਮਹੱਤਵ-ਪੂਰਨ ਪੱਖ ਜਨਤਕ ਕੁਟਾਪੇ ਹੈ। ਗੋਬਿੰਦ ਰਾਮ ਨੇ ਇਸਦਾ ਨਾਂਅ 'ਪਰਸ਼ਾਦ ਦੇਣਾ' ਰੱਖਿਆ ਹੋਇਆ ਹੈ। ਇਸ ਤਹਿਤ ਪਿੰਡਾਂ ਦੇ 11 ਤੋਂ ੫0 ਸਾਲ ਤੱਕ ਦੇ ਵਿਅੱਕਤੀਆਂ ਨੂੰ ਇਕ ਥਾਂ ਇਕੱਠਿਆਂ ਕਰ ਲਿਆ ਜਾਂਦਾ ਹੈ। ਫਿਰ ਉਹਨਾਂ ਨੂੰ ਧਰਤੀ 'ਤੇ ਢਿੱਡ ਭਾਰ ਲੇਟਣ ਲਈ ਕਿਹਾ ਜਾਂਦਾ ਹੈ। ਜਿਹੜਾ ਕੋਈ ਅੜੀ ਕਰੇ ਉਸਨੂੰ ਥਾਣੇ ਭੇਜ ਦਿੱਤਾ ਜਾਂਦਾ ਹੈ। ਬਾਕੀਆਂ ਨੂੰ 10-10, 15-15 ਛਿੱਤਰ ਜਾਂ ਡਾਂਗਾ ਮਾਰਕੇ ਛੱਡ ਦਿਤਾ ਜ਼ਾਂਦਾ ਹੈ। ਇਸ ਸਬੰਧ ਵਿਚ ਕੋਟਲੀ,ਪਰੋਵਾਲ ਨਾਸਿਰਕੇ, ਕਾਲੋਵਾਲ, ਸਾਰਚੂਰ ਆਦਿ ਪਿੰਡਾਂ ਦੇ ਨਾਂਅ ਲਏ ਜਾ ਸਕਦੇ ਹਨ। "ਪਰਸ਼ਾਦ ਦੇਣ" ਦੀ ਇਸ ਮੁਹਿੰਮ ਬਾਰੇ ਕੁਝ ਪੰਚਾਂ-ਸਰਪੰਚਾਂ ਵਲੋਂ ਗਵਰਨਰ ਰੇਅ ਨੂੰ ਸ਼ਿਕਾ-ਕਰਨ ਤੋਂ ਬਾਦ ਕੁਝ ਲੋਕਾਂ ਨੂੰ ਇਹ ਭਰਮ ਹੋ ਗਿਆ ਸੀ ਕਿ ਸ਼ਾਇਦ ਉਹ ਗੋਬਿੰਦ ਰਾਮ ਨੂੰ ਵਰਜ ਦੇਵੇ। ਪਰ ਹੁਣ ਉਹਨਾਂ ਨੂੰ ਵੀ ਨਿਰਾਸ਼ਾ ਹੋਈ ਹੈ। "ਪਰਸ਼ਾਦ ਦੇਣਾ" ਨਿਰੰਤਰ ਜਾਰੀ ਹੈ। ਜਸਟਿਸ ਵੀ. ਐਮ. ਤਾਰਕੁੰਡੇ ਦੀ ਅਗਵਾਈ ਹੇਠ ਹੁਣੇ ਹੁਣੇ ਬਟਾਲੇ ਦਾ ਦੌਰਾ ਕਰਕੇ ਆਈ ਇਕ ਟੀਮ ਨੇ ਦੱਸਿਆ ਹੈ ਕਿ 10-11 ਮਾਰਚ ਨੂੰ ਹਰਗੋਬਿੰਦਪੁਰੇ ਦੇ ਲਾਗਲੇ ਪਿੰਡਾਂ ਵਿਚ ਸਪੀਕਰਾਂ 'ਤੇ ਅਨਾਉਸਮੈਂਟਾਂ ਕਰਕੇ ਲੋਕਾਂ ਨੂੰ ਇਕੱਠਾ ਕਰ ਲਿਆ ਗਿਆ ਅਤੇ ਫਿਰ 300 ਦੇ ਕਰੀਬ ਲੋਕਾਂ ਨੂੰ 'ਪਰਸ਼ਾਦ' ਛਕਾਇਆ ਗਿਆ। ਪਿੰਡਾਂ ਨੂੰ ਆਉਂਦੀਆਂ ਪੁਲਸੀ ਜੀਪਾਂ ਨੂੰ ਦੂਰੋਂ ਦੇਖਦਿਆਂ ਹੀ ਨੌਜੁਆਨ ਇਧਰ-ਉਧਰ ਭੱਜ ਜਾਂਦੇ ਹਨ।

ਪਿੰਡਾਂ 'ਚ ਨੌਜਵਾਨਾਂ ਨੂੰ ਗਰਿਫਤਾਰ ਕਰਨ ਸਮੇਂ ਨਾਂ ਤਾਂ ਮਾਪਿਆਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਮੁੰਡੇ ਨੂੰ ਕਿਹੜੇ ਥਾਣੇ ਲੈ ਜਾ ਰਹੇ ਹਨ ਅਤੇ ਨਾ ਹੀ ਪੰਚਾਇਤ ਨੂੰ। ਇਥੋਂ ਤੱਕ ਕਿ ਸਥਾਨਕ ਥਾਣੇ ਵਾਲਿਆਂ ਨੂੰ ਵੀ ਨਹੀਂ

ਦਸਿਆ ਜਾਂਦਾ। ਮਾਪੇ ਇਕ ਤੋਂ ਬਾਅਦ ਦੂਜੇ, ਦੂਜੇ ਤੋਂ ਬਾਅਦ ਤੀਜੇ ਥਾਣੇ ਅੰਦਰ ਵਿਲਕਦੇ, ਪੁਲਸੀਆਂ ਦੀਆਂ ਗਾਲ੍ਹਾਂ ਖਾਂਦੇ ਕਈ ਕਈ ਹਫਤੇ ਤੜਫਦੇ ਫਿਰਦੇ ਹਨ। ਉਹ ਘੜੀ ਮੁੜੀ ਖਬਰਾਂ ਨੂੰ ਕੰਨ ਲਾਈ ਰੱਖਦੇ ਹਨ। ਕੀ ਪਤਾ ਕਦੋਂ ਖਬਰ ਆ ਜਾਵੇ ਕਿ ਉਹਨਾਂ ਦਾ ਲਾਲ "ਪੁਲਸ ਨਾਲ ਮੁਕਾਬਲਾ ਕਰਦਾ ਮਾਰਿਆ ਗਿਆ ਅਤੇ ਉਸਦੇ ਦੋ ਹੋਰ ਸਾਥੀ ਹਨੇਰੇ ਦਾ ਫਾਇਦਾ ਲੈਂਦੇ ਹੋਏ ਦੌੜ ਗਏ। ਮਰਨ ਵਾਲਾ ਕੱਟੜ ਦਹਿਸ਼ਤਗਰਦ ਸੀ ਉਸਦੇ ਕਬਜੇ ਵਿਚੋਂ ਇਕ ਏ. ਕੇ. 47 ਅਤੇ 250 ਕਾਰਤੂਸ ਮਿਲੇ ਹਨ।" ਇਹਨਾਂ ਮਾਪਿਆਂ ਨੂੰ ਏਨਾ ਹੀ ਪਤਾ ਲੱਗ ਜਾਵੇ ਕਿ ਉਹਨਾਂ ਦਾ ਪੁੱਤ ਫਲਾਣੇ ਥਾਣੇ ਅੰਦਰ ਪੁਲਸ ਦੀ ਕੁੱਟ ਨਾਲ ਭੰਨਿਆ ਪਿਆ ਹੈ ਤਾਂ ਉਹਨਾਂ ਨੂੰ ਨਵਾਂ ਪੁੱਤ ਜੰਮਣ ਵਰਗੀ ਖੁਸ਼ੀ ਹੋ ਜਾਂਦੀ ਹੈ। ਮਹੀਨਾ ਭਰ ਥਾਣਿਆਂ ਦੇ ਚੱਕਰ ਮਾਰਨ ਵਾਲੀ ਇਕ ਮਾਂ ਬਿਮਲਾ ਦੇ ਪੱਤਰਕਾਰ ਨੂੰ ਕਹੇ ਸ਼ਬਦ, "ਬੇਟਾ, ਤੁਹਾਨੂੰ ਤਾਂ ਪੁਲਸ ਵਾਲੇ ਜਾਣਦੇ ਹੀ ਹੋਣਗੇ। ਤੁਸੀਂ ਹੀ ਮੇਰੀ ਸਿਫਾਰਸ਼ ਕਰ ਦਿਓ ਕਿ ਉਹ ਮੈਨੂੰ ਇਕ ਵਾਰ ਮੇਰੇ ਦਲਜੀਤ ਦਾ ਦੂਰੋਂ ਹੀ ਮੂੰਹ ਦਿਖਾ ਦੇਣ ਤਾਂ ਕਿ ਮੈਨੂੰ ਯਕੀਨ ਹੋ ਜਾਵੇ ਕਿ ਉਹ ਜੀਂਦਾ ਹੈ," ਧਿਆਨ ਦੇਣ ਯੋਗ ਹਨ।

ਜਿਹਨਾਂ ਭਾਗਾਂ ਵਾਲੇ ਮਾਪਿਆ ਨੂੰ ਪਤਾ ਲੱਗ ਜਾਂਦਾ ਹੈ ਕਿ ਉਹਨਾਂ ਦਾ ਪੁੱਤ ਜੀਂਦਾ ਹੈ ਉਹਨਾਂ ਨੂੰ ਅਗਲਾ ਫਿਕਰ (ਜਿਸ ਵਿਚ ਖੁਸ਼ੀ ਵੀ ਸ਼ਾਮਲ ਹੁੰਦੀ ਹੈ) ਪੈਸੇ ਇੱਕਠੇ ਕਰਨ ਦਾ ਲੱਗ ਜਾਂਦਾ ਹੈ। ਜਿਹੜੇ 40-50 ਹਜ਼ਾਰ ਰੁਪਏ ਦਾ ਪ੍ਰਬੰਧ ਕਰ ਲੈਂਦੇ ਹਨ ਉਹ ਆਪਣੇ ਪੁੱਤਾਂ ਨੂੰ ਘਰੀਂ ਲੈ ਆਉਂਦੇ ਹਨ ਬਾਕੀਆਂ ਦੀ ਇਕ "ਸੰਖੇਪ ਜਿਹੇ ਮੁਕਾਬਲੇ ਤੋਂ ਬਾਅਦ ਗਰਿਫਤਾਰੀ" ਪਾ ਕੇ ਜੇਲ੍ਹ ਭੇਜ ਦਿੱਤਾ ਜਾਂਦਾ ਹੈ।

ਸ਼ੰਕਰਪੁਰੇ ਦੀ ਅੰਬੋ ਨਾ ਸੁਣ ਸਕਦੀ ਹੈ, ਨਾ ਬੋਲ ਸਕਦੀ ਹੈ। ਉਸਦੀ ਉਮਰ 70 ਸਾਲ ਦੀ ਹੈ। ਪੁਲਸ ਉਸ ਦੇ ਮੁੰਡੇ ਜਗਦੀਸ਼ ਸਿੰਘ ਨੂੰ ਪਹਿਲੀ ਜਨਵਰੀ ਨੂੰ ਫੜ ਕੇ ਲੈ ਗਈ। ਗੂੰਗੀ ਤੇ ਬੋਲੀ ਅੰਬੋ ਕੋਲੋਂ ਰਿਸ਼ਵਤ ਦੇਣ ਜੋਗੇ ਪੈਸੇ ਇਕਠੇ ਨਾ ਕੀਤੇ ਜਾ ਸਕੇ। ਅਖੀਰ ਜਦੋਂ ਪੈਸੇ ਦੀ ਕੋਈ ਝਾਕ ਨਾ ਰਹੀ ਤਾਂ ਪੁਲਸ ਨੇ ਉਸਦੇ ਪੁੱਤ'ਤੇ ਇਕ ਪਸਤੌਲ ਤੇ ਚਾਰ ਕਾਰਤੂਸ ਪਾ ਕੇ ਜੇਲ ਭੇਜ ਦਿਤਾ। ਹੁਣ ਅੰਬੋ ਦੀ ਦੇਖ ਰੇਖ ਕਰਨ ਵਾਸਤੇ ਸਿਰਫ ਇਕ ਲੜਕੀ ਹੀ ਬਚੀ ਹੈ ਜੋ ਕਿ ਆਪ ਪਾਗਲ ਹੈ।

ਰਿਸ਼ਵਤ ਖੋਰੀ ਸਭ ਹੱਦ-ਬੰਨੇ ਟੱਪ ਗਈ

ਕਈ ਨੌਜੁਆਨਾਂ ਨੂੰ ਫੜਿਆ ਹੀ ਸਿਰਫ ਇਸ ਲਈ ਜਾਂਦਾ ਹੈ ਕਿ ਉਹਨਾਂ ਦੇ ਮਾਪੇ ਆਪੇ ਥਾਣੇ ਆ ਕੇ ਪੈਸੇ ਦੇ ਜਾਣਗੇ। ਬੂਚੇ ਨੰਗਲ ਦੇ ਸਰਪੰਚ ਜਸਵੰਤ ਸਿੰਘ ਹੋਰਾਂ ਦੀ ਇਹ ਗੱਲ ਸੋਲਾਂ ਆਨੇ ਸੱਚ ਹੈ ਕਿ "ਪੁਲਸ ਅਫਸਰਾਂ ਦਰਮਿਆਨ ਮੁਕਾਬਲਾ ਚਲ ਰਿਹਾ ਹੈ ਕਿ ਕੌਣ ਵੱਧ ਪੈਸੇ ਬਣਾਉਂਦਾ ਹੈ।" ਇਸੇ ਤਰ੍ਹਾਂ ਸਰੂਪਵਾਲੀ ਦੇ ਸਰਪੰਚ ਭਜਨ ਸਿੰਘ ਮੁਤਾਬਕ "ਜੇ ਕੋਈ ਅਜਿਹੀ ਮਸ਼ੀਨ ਹੋਵੇ ਜਿਸ ਨਾਲ ਪਤਾ ਲੱਗ ਸਕੇ ਕਿ ਕਿਹੜੇ ਪੁਲਸ ਅਫਸਰ ਨੇ ਕਿਨੀ ਰਿਸ਼ਵਤ ਲਈ ਹੈ ਅਤੇ ਇਹ ਰਿਸ਼ਵਤ ਉਹਨਾਂ ਦੀਆਂ ਜੇਬਾਂ ਵਿਚੋਂ ਕਢਵਾਈ ਜਾਵੇ ਤਾਂ ਢੇਰਾਂ ਦੇ ਢੇਰ ਲੱਗ ਜਾਣ" ਮੋਟੇ ਜਿਹੇ ਅੰਦਾਜ਼ੇ ਮੁਤਾਬਕ ਪੁਲਸੀਆਂ ਵੱਲੋਂ ਹੁਣ ਤੱਕ ਉਗਰਾਹੀ ਗਈ ਰਿਸ਼ਵਤ 10 ਕਰੋੜ ਰੁ: ਤੋਂ ਵੀ ਵੱਧ ਬਣਦੀ ਹੈ।

ਪੈਸੇ ਬਟੋਰਨ ਦਾ ਨਵਾਂ ਢੰਗ

ਬਟਾਲੇ ਜ਼ਿਲੇ ਅੰਦਰ ਇਕ ਨਵਾਂ ਰੁਝਾਨ ਦੇਖਣ ਨੂੰ ਆਇਆ ਹੈ। ਪੁਲਸ ਵਾਲੇ ਸ਼ਾਮ ਨੂੰ ਖੁਲ੍ਹੀਆਂ ਦਾੜ੍ਹੀਆਂ ਛੱਡਕੇ, ਗਲੀ ਕਿਰਪਾਨਾਂ ਪਾ ਕੇ ਅਤੇ ਏ. ਕੇ. 47 ਰਾਈਫਲਾਂ ਨਾਲ ਲੈਸ ਹੋ ਕੇ ਲੋਕਾਂ ਦੇ ਘਰਾਂ ਅੰਦਰ ਵੜ ਜਾਂਦੇ ਹਨ। ਉਹ ਆਪਣੇ ਆਪ ਨੂੰ "ਸਿੰਘ" ਦਸਦੇ ਹਨ ਅਤੇ ਜ਼ਬਰੀ ਰੋਟੀ ਪਕਵਾ ਕੇ ਖਾਂਦੇ ਹਨ। ਰਾਤ ਠਹਿਰ ਕੇ ਸਵੇਰੇ ਸਵੇਰੇ ਹੀ ਨਿਕਲ ਜਾਂਦੇ ਹਨ। ਫਿਰ ਇਕ ਦੋ ਦਿਨਾਂ ਬਾਦ ਪੁਲਸੀ ਵਰਦੀਆਂ ਵਿਚ ਸੱਜ-ਧੱਜ ਕੇ ਆ ਧਮਕਦੇ ਹਨ ਅਤੇ ਘਰ ਵਾਲਿਆਂ ਨੂੰ ਧਮਕਾਉਣਾ ਸ਼ੁਰੂ ਕਰ ਦੇਂਦੇ ਹਨ ਕਿ "ਤੁਸੀਂ ਅੱਤਵਾਦੀਆਂ ਨੂੰ ਘਰੀਂ ਸ਼ਰਨ ਦੇਂਦੇ ਹੋ।" ਜੇ ਕੋਈ ਨਾਂਹ-ਨੁਕਰ ਕਰਨ ਲੱਗੇ ਤਾਂ ਉਸਨੂੰ ਸ਼ਰਨ ਦੇਣ ਦਾ ਦਿਨ ਅਤੇ ਬੰਦਿਆਂ ਦੀ ਗਿਣਤੀ ਦੱਸ ਕੇ ਪੈਰਾਂ ਤੋਂ ਕੱਢ ਲੈਂਦੇ ਹਨ। ਫਿਰ ਉਹਨਾਂ ਨੂੰ ਹਿਰਾਸਤ ਵਿਚ ਲੈ ਕੇ ਭਾਰੀ ਰਕਮਾਂ ਬਟੋਰਨ ਤੋਂ ਬਾਅਦ ਛੱਡ ਦੇਂਦੇ ਹਨ। ਪੁਲਸੀਏ ਆਪਣਾ ਸ਼ਿਕਾਰ ਸਰਦੇ-ਪੁਜਦੇ ਘਰਾਂ ਨੂੰ ਬਣਾਉਂਦੇ ਹਨ। ਲੋਕਾਂ ਲਈ ਮੁਸ਼ਕਲ ਇਹ ਹੈ ਕਿ ਉਹਨਾਂ ਲਈ ਮੌਕੇ 'ਤੇ ਪਛਾਣ ਕਰਨੀ ਮੁਸ਼ਕਲ ਹੋ ਜਾਂਦੀ ਹੈ ਕਿ ਕਿਹੜੀ ਟੋਲੀ ਪੁਲਸ ਦੀ ਹੈ ਅਤੇ ਕਿਹੜੀ "ਖਾੜਕੂਆਂ" ਦੀ। ਕਿਉਂਕਿ ਕਈ ਖਾੜਕੂ ਗਰੁੱਪ ਵੀ ਲੋਕਾਂ ਅੰਦਰ ਕੁਝ ਸਮੇਂ ਤੋਂ ਇਸ ਤਰ੍ਹਾਂ ਵਿਚਰ ਰਹੇ ਸਨ ਜਿਸਦਾ ਪੁਲਸ ਵਾਲਿਆਂ ਨੇ ਫਾਇਦਾ ਉਠਾਉਣਾ ਸ਼ੁਰੂ ਕਰ ਦਿਤਾ ਹੈ।

ਜਸਟਿਸ ਵੀ. ਐਮ. ਤਾਰਕੁੰਡੇ ਵਾਲੀ ਟੀਮ ਨੇ ਵੀ ਇਹ ਨਵਾਂ ਵਰਤਾਰਾ ਨੋਟ ਕੀਤਾ ਹੈ।

ਇਸੇ ਤਰ੍ਹਾਂ ਜਬਰੀ ਪੈਸੇ ਉਗਰਾਹੁਣ ਦੀਆਂ ਘਟਨਾਵਾਂ ਦੇ ਸਬੰਧ ਵਿਚ ਇਹ ਪਤਾ ਨਹੀਂ ਲੱਗ ਰਿਹਾ ਕਿ ਇਹਨਾਂ ਘਟਨਾਵਾਂ ਵਿਚ ਕਿੰਨੇ ਪੁਲਸੀਏ ਸ਼ਾਮਲ ਹਨ,

ਕਿੰਨੇ ''ਸ਼ੁਧ ਲੁਟੇਰੇ'' ਅਤੇ ਕਿੰਨੇ ''ਖਾੜਕੂ'' ਕਿਉਂਕਿ ਖਾੜਕੂਆਂ ਦੇ ਕੁਝ ਗਰੁੱਪ ਅਜੇ ਵੀ ਜਬਰੀ ਪੈਸੇ ਉਗਰਾਹੁਣ ਨੂੰ ਬੁਰਾ ਨਹੀਂ ਸਮਝਦੇ ਅਤੇ ਪੁਲਸੀਏ ਅਤੇ ਲੁਟੇਰੇ ਉਹਨਾਂ ਦੀ ਇਸ ਘਾਤਕ ਸਮਝ ਦਾ ਖੂਬ ਫਾਇਦਾ ਉਠਾ ਰਹੇ ਹਨ।

ਪੁਲਸ ਨੇ ਗੁੰਡਾ ਗਰੋਹ ਪਾਲ ਲਏ

ਗੋਬਿੰਦ ਰਾਮ ਨੇ ਇਲਾਕੇ ਅੰਦਰ ਕੁਝ ਅਜਿਹੇ ਗੁੰਡਾ ਗਰੋਹ ਪਾਲ ਲਏ ਹਨ ਜਿਹਨਾਂ ਦੀ ਡਿਊਟੀ ਵਿਚ, ਪੁਲਸ ਨਾਲ ਤਾਲਮੇਲ ਬਿਠਾਕੇ ਖਾੜਕੂ ਆਗੂਆਂ ਨੂੰ ਖਤਮ ਕਰਨਾ, ਉਹਨਾਂ ਨਾਲ ਹਮਦਰਦੀ ਰੱਖਣ ਵਾਲੇ ਪਰਿਵਾਰਾਂ 'ਤੇ ਰਾਤ-ਬਰਾਤੇ ਹਮਲੇ ਕਰਨੇ ਅਤੇ ਲੋਕਾਂ ਅੰਦਰ ਦਹਿਸ਼ਤ ਦਾ ਮਾਹੌਲ ਬਣਾ ਕੇ ਰਖਣਾ ਸ਼ਾਮਲ ਹੈ। ਇਹਨਾਂ ਵਿਚ ਪ੍ਰਮੁੱਖ ਗਰੋਹ ਅਜੀਤ ਸਿੰਘ ਪੂਹਲੇ (ਜੀਤੇ ਨਿਹੰਗ) ਅਤੇ ਦੂਜਾ ਚੰਨੇ ਦਿਆਲਗੜੀਏ ਦਾਂ ਹੈ। ਜੀਤੇ ਨਿਹੰਗ ਨੇ ਹਰਗੋਬਿੰਦ ਪੁਰੇ ਤੋਂ ਕੋਈ ਚਾਰ ਪੰਜ ਮੀਲ ਦੀ ਵਿੱਥ 'ਤੇ ਸਥਿਤ ਪਿੰਡ ਕਰਤਾਰਪੁਰ ਵਿਚਲੇ ਨਿਹੰਗਾਂ ਦੇ ਡੇਰੇ 'ਤੇ ਕਬਜ਼ਾ ਜਮਾ-ਹੋਇਆ ਹੈ ਅਤੇ ਉਹ ਇਸ ਨੂੰ ਆਪਣੇ ਹੈਡ-ਕੁਆਟਰ ਦੇ ਤੌਰ 'ਤੇ ਵਰਤ ਰਿਹਾ ਹੈ। ਪੁਲਸ ਨੇ ਉਸਨੂੰ ਲਾਇਸੰਸੀ ਹਥਿਆਰ ਦਿੱਤੇ ਹੋਏ ਹਨ। ਚੰਨਾ ਦਿਆਲਗੜ੍ਹੀਆ ਇਲਾਕੇ ਦੇ ਪ੍ਰਸਿੱਧ ਆਗੂ ਭੁਪਿੰਦਰ ਸਿੰਘ ਭਿੰਦਾ ਤੇ ਉਸਦੇ ਸਾਥੀ ਕਸ਼ਮੀਰ ਸਿੰਘ ਮੌਲਵੀ ਨੂੰ ਕਤਲ ਕਰਕੇ ਅਧਿਕਾਰੀਆਂ ਦੀ ਵਿਸ਼ੇਸ਼ ਕਿਰਪਾ ਹਾਸਲ ਕਰ ਚੁੱਕਿਆ ਹੈ। ਉੱਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਿੰਦੇ ਦਾ ਕਤਲ ''ਜਨਰਲ'' ਲਾਭ ਸਿੰਘ ਦੇ ਕਤਲ ਤੋਂ ਬਾਦ ਪੁਲਸ ਦੀ ਦੂਜੀ ਵੱਡੀ ਪ੍ਰਾਪਤੀ ਹੈ। ਸ਼ਾਇਦ ਇਸ ਕਰਕੇ ਕਿ ਭਿੰਦਾ ਇਲਾਕੇ ਅੰਦਰ ਕਾਫੀ ਹਰਮਨ ਪਿਆਰਾ ਹੋ ਚੁੱਕਾ ਸੀ। ਕਿਹਾ ਜਾਂਦਾ ਹੈ ਕਿ ਭਿੰਦਾ ਇਲਾਕੇ ਅੰਦਰ ਉਸ ਲੀਹ ਨੂੰ ਲਾਗੂ ਕਰ ਰਿਹਾ ਸੀ ਜਿਹੜੀ ਸਾਕਾ ਕਾਲੀ ਗਰਜ ਦੀ ਨਾਮੋਸ਼ੀ ਭਰੀ ਹਾਰ ਤੋਂ ਬਾਅਦ ਲਾਭ ਸਿੰਘ ਲੈ ਕੇ ਆ ਰਿਹਾ ਸੀ।

ਭਿੰਦਾ ਅਤੇ ਉਸਦਾ ਸਾਥੀ ਮਜੀਠੇ ਪੁਲਸ ਜਿਲੇ ਦੇ ਪਿੰਡ ਸੁਧਾਰ ਦੇ ਹਾਈ ਸਕੂਲ ਨੂੰ ਜਾ ਰਹੇ ਸਨ ਜਦੋਂ ਉਹ ਚੰਨੇ ਅਤੇ ਉਸਦੇ ਗਰੋਹ ਦੇ ਦੂਸਰੇ ਮੈਂਬਰਾਂ ਦੀ ਨਿਗਾਹੇ ਪੈ ਗਏ ਭਿੰਦੇ ਅਤੇ ਮੌਲਵੀ ਨੇ ਅਜੇ ਸਕੂਲ ਅੰਦਰ ਜਾ ਕੇ ਸਕੂਟਰ ਖਲ੍ਹਾਰਿਆ ਹੀ ਸੀ ਕਿ ਮਗਰੋਂ ਹੀਰੋ ਹਾਂਡੇ 'ਤੇ ਆ ਪਹੁੰਚੇ ਚੰਨੇ ਹੋਰਾਂ ਨੇ ਉਹਨਾਂ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਦੋਵੇ ਖਾੜਕੂ ਆਗੂ ਮੌਕੇ ਤੇ ਹੀ ਮਾਰੇ ਗਏ। ਥੋੜੇ ਸਮੇਂ ਬਾਅਦ ਚੰਨੇ ਹੋਰੀ ਮੁੜ ਸਕੂਲ ਆ ਗਏ। ਇਸ ਵਾਰ ਉਹ ਇਕ ਥਰੀ ਵੀਲਰ ਵੀ ਲੈ ਕੇ ਆਏ ਸਨ। ਭਿੰਦੇ ਹੋਰਾਂ ਦੀਆਂ ਲਾਸ਼ਾਂ ਦੇ ਨੇੜੇ ਇਕਠੇ ਹੋ ਚੁਕੇ ਲੋਕਾਂ ਨੂੰ ਉਹਨਾਂ ਗੋਲੀਆਂ ਚਲਾ ਕੇ ਨਠਾ ਦਿਤਾ ਫਿਰ ਦੋਹਾਂ ਦੀਆਂ ਲਾਸ਼ਾਂ ਨੂੰ ਥਰੀ ਵੀਲਰ ਵਿਚ ਪਾ ਕੇ ਨੇੜੇ ਦੇ ਪਿੰਡ ਦਨਿਆਲ ਲੈ ਗਏ। ਦਨਿਆਲੋਂ ਇਕ ਜੰਝ ਕੋਲੋਂ ਕਾਰ ਖੋਹ ਕੇ, ਦੋਵੇਂ ਲਾਸ਼ਾਂ ਨੂੰ ਉਸ ਵਿਚ ਪਾਕੇ ਹਰਿਗੋਬਿੰਦਪੁਰ ਲੈ ਕੇ ਗਏ ਅਤੇ ਉਥੇ ਪੁਲਸ ਦੇ ਹਵਾਲੇ ਕਰ ਦਿੱਤੀਆਂ। ਪੁਲਸੀਆਂ ਨੇ ਦੋਹਾਂ ਲਾਸ਼ਾਂ ਨੂੰ ਇਕ ਖੇਤ ਵਿਚ ਸੁੱਟ ਕੇ ਕੁਝ ਗੋਲੀਆਂ ਚਲਾਕੇ ਖਬਰ ਦੇ ਦਿੱਤੀ ਕਿ ਭਿੰਦਾ ਅਤੇ ਉਸਦਾ ਸਾਥੀ ਹਰਗੋਬਿੰਦਪੁਰ ਦੇ ਨੇੜੇ ਪੁਲਸ ਨਾਲ ਮੁਕਾਬਲਾ ਕਰਦਿਆਂ ਮਾਰੇ ਗਏ ਹਨ।

ਸਾਡੀ ਟੀਮ ਦਾ ਇਕ ਮੈਂਬਰ ਜਦੋਂ ਮੌਕੇ 'ਤੇ ਜਾ ਕੇ ਪੜਤਾਲ ਕਰਣ ਲਈ ਸੁਧਾਰ ਸਕੂਲ ਪਹੁੰਚਿਆਂ ਤਾਂ ਉਥੇ ਕੁਝ ਥਾਂ 'ਤੇ ਦਾਇਰਾ ਲਾ ਕੇ ਫੁੱਲ ਰਖੇ ਹੋਏ ਸਨ। ਜਦੋਂ ਟੀਮ ਮੈਂਬਰ ਨੇ ਇਕ ਮਾਸੂਮ ਜਿਹੇ ਸਕੂਲੀ ਬੱਚੇ ਨੂੰ ਨੂੰ ਪੁੱਛਿਆ, ''ਇਹ ਕੀ ਹੈ ?'' ਤਾਂ ਉਸਦਾ ਜਵਾਬ ਸੀ, ''ਇਥੇ ਬਾਬਾ ਭਿੰਦਾ ਡਿਗਿਆ ਸੀ''

ਸੁਣਨ ਵਿਚ ਆਇਆ ਹੈ ਕਿ ਪੁਲਸ ਜ਼ਿਲੇ ਮਜੀਠੇ ਦੇ ਅਧਿਕਾਰੀਆਂ ਨੇ ਉਹਨਾਂ ਦੇ ਜਿਲੇ ਅੰਦਰ ਹੋਈ ਇਸ ਘਟਨਾ ਨੂੰ ਗੋਬਿੰਦ ਰਾਮ ਵੱਲੋਂ ਆਪਣੇ ਪੇਟੇ ਪਾਕੇ ਰਾਜ ਦੇ ਉਚ-ਅਧਿਕਾਰੀਆਂ ਕੋਲ ਨੰਬਰ ਬਨਾਉਣ ਲਈ ਲਾਸ਼ਾਂ ਨੂੰ ਹਰਗੋਬਿੰਦਪੁਰ ਮੰਗਵਾਕੇ ਪੁਲਸ ਮੁਕਾਬਲੇ ਦਾ ਡਰਾਮਾ ਰਚਾਉਣ ਦੇ ਖਿਲਾਫ ਸ਼ਕਾਇਤ ਵੀ ਕੀਤੀ ਹੈ।

ਜਿਥੇ ਗੋਬਿੰਦ ਰਾਮ ਵਲੋਂ ਗੁੰਡਾ ਗਰੋਹਾਂ ਕੋਲੋਂ ਕਤਲ ਕਰਵਾਕੇ ਆਪਣੇ ਨਾਂਅ ਲਾਏ ਜਾ ਰਹੇ ਹਨ। ਉਥੇ ਇਹਨਾਂ ਗੁੰਡਾ ਗਰੋਹਾਂ ਨੂੰ ਇਲਾਕੇ ਅੰਦਰ ਮਨ-ਆਈਆਂ ਭਾਵ ਲੁੱਟ-ਖੋਹ ਕਰਨ ਦੀ ਖੁਲ੍ਹੀ ਛੁੱਟੀ ਦਿੱਤੀ ਹੋਈ ਹੈ।

ਮਿਸਾਲ ਵੱਜੋਂ ਜੀਤੇ ਨਿਹੰਗ ਨੇ ਚਾਲੀ ਦੇ ਕਰੀਬ ਆਪਣੇ ਗੁੰਡਿਆਂ ਅਤੇ ਚਿੱਟ-ਕਪੜੀਏ ਪੁਲਸੀਆਂ ਨਾਲ 18 ਜਨਵਰੀ ਨੂੰ ਮਾੜੀ-ਬੁਚਿਆਂ ਦੇ ਭਗਵੰਤ ਸਿੰਘ ਦੇ ਘਰ 'ਤੇ ਹੱਲਾ ਬੋਲ ਦਿਤਾ। ਘਰ'ਚ ਮੌਜੂਦ ਭਗਵੰਤ ਸਿਘ ਦੇ ਭਰਾ ਹਰਪਾਲ ਸਿੰਘ, ਭਰਜਾਈ ਅਤੇ ਬਜ਼ੁਰਗ ਮਾਤਾ ਨੂੰ ਬਹੁਤ ਬੇਰਹਿਮੀ ਨਾਲ ਕੁੱਟਿਆ-ਮਾਰਿਆ। ਘਰ ਦਾ ਜਿੰਨਾ ਸਮਾਨ ਆਪਣੇ ਨਾਲ ਲਿਜਾ ਸਕਦੇ ਸੀ ਲੈ ਗਏ ਅਤੇ ਬਾਕੀ ਨੂੰ ਭੰਨ ਤੋੜ ਗਏ। ਇਸ ਘਟਨਾ ਦੇ ਖਿਲਾਫ ਇਲਾਕੇ ਵਿਚ ਬਹੁਤ ਆਵਾਜ਼ ਉਠੀ ਪਰ ਨਿਹੰਗ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਗਿਆ। ਉਲਟਾ ਬੋਲੇਵਾਲ ਪਿੰਡ ਵਿਚ ਸਰਕਾਰ ਵੱਲੋਂ ਪੁਲਸ ਦੀਆਂ ਵਧੀਕੀਆਂ ਨੂੰ ਸੁਣਨ ਲਈ

ਕੀਤੇ ਗਏ ਡਰਾਮੇ ਵਿਚ ਉਹ ਪੁਲਸ ਦੇ ਪੱਖੋਂ ਮੁਖ ਬੁਲਾਰਾ ਸੀ।

ਸਿਆਸੀ ਪਾਰਟੀਆਂ ਦੀਆਂ ਜੀਭਾ ਨੂੰ ਸੱਪ ਡੰਗ ਗਏ

ਇਲਾਕੇ ਅੰਦਰ ਚਲ ਰਹੇ ਇਸ ਅੰਨ੍ਹੇ ਪੁਲਸ ਜ਼ਬਰ ਦੇ ਖਿਲਾਫ ਅਵਾਜ਼ ਉਠਾਉਣ ਲਈ ਕੋਈ ਵੀ ਸਿਆਸੀ ਪਾਰਟੀ ਮੂਹਰੇ ਨਹੀਂ ਆ ਰਹੀ। ਕੌਮ ਧਰੋਹੀ ਕਾਂਗਰਸੀਆਂ ਤੋਂ ਤਾਂ ਪਹਿਲਾਂ ਵੀ ਕਿਸੇ ਨੂੰ ਕੋਈ ਉਮੀਦ ਨਹੀਂ ਸੀ, ਲੋਕਾਂ 'ਤੇ ਪਈ ਇਸ ਬਿਪਤਾ ਸਮੇਂ ਅਕਾਲੀ ਵੀ ਕਿਧਰੇ ਗੁੰਮ ਹੋ ਹੋ ਗਏ ਹਨ। ਅਸਲ ਵਿਚ ਉਹ ਬਟਾਲੇ ਅੰਦਰ ਹੋ ਰਹੇ ਅਤਿਆਚਾਰਾਂ ਨੂੰ ਆਪਣੇ ਸਿਆਸੀ ਸ਼ਰੀਕਾਂ ਸਿੱਖ ਖਾੜਕੂਆਂ 'ਤੇ ਅਤਿਆਚਾਰ ਸਮਝ ਰਹੇ ਹਨ। ਉਹ ਦਿਲੋਂ ਚਾਹੁੰਦੇ ਹਨ ਕਿ ਜਿੰਨੀ ਛੇਤੀ ਖਾੜਕੂਆਂ ਵਾਲਾ ਕੰਡਾ ਨਿਕਲ ਜਾਵੇ ਉਨਾ ਹੀ ਚੰਗਾ ਹੈ ਅਤੇ ਇਸ ਕੰਡੇ ਨੂੰ ਕੱਢਣ ਲਈ ਉਹ ਵੀ ਗੋਬਿੰਦ ਰਾਮ 'ਤੇ ਆਸਾ ਲਾਈ ਬੈਠੇ ਹਨ। ਇਸ ਤਰ੍ਹਾਂ ਆਪਣੀਆਂ ਸੋੜੀਆਂ ਸਿਆਸੀ ਗਿਣਤੀਆਂ-ਮਿਣਤੀਆਂ 'ਚ ਉਹ ਔਖੀ ਵੇਲੇ ਲੋਕਾਂ ਦਾ ਸਾਥ ਛੱਡ ਗਏ ਹਨ। ਪੰਚਾਂ-ਸਰਪੰਚਾਂ ਦੇ ਵਫਦ ਅਕਾਲੀ ਆਗੂਆਂ ਨੂੰ ਮਿਲੇ ਵੀ ਹਨ। ਪਰ ਉਹ ਕੁਝ ਵੀ ਕਰਨ ਨੂੰ ਤਿਆਰ ਨਹੀਂ ਹੋ ਰਹੇ। ਮਿਸਾਲ ਵਜੋਂ ਦਾਬਾਂਵਾਲੀ ਪੰਚਾਇਤ ਗੋਬਿੰਦ ਰਾਮ ਕੋਲੋਂ ਬੇਪਤੀ ਕਰਵਾਉਣ ਤੋਂ ਬਾਅਦ ਅਕਾਲੀ ਆਗੂ ਨੱਥਾ ਸਿੰਘ ਸਿੰਘ ਦਾਲਮ ਨੂੰ ਬਟਾਲੇ ਜਾ ਕੇ ਮਿਲੀ ਪਰ ਉਸਦੇ ਇਸ ਬੇਪਤੀ ਦੇ ਖਿਲਾਫ ਆਵਾਜ ਉਠਾਉਣ ਤੋਂ ਸਾਫ ਇਨਕਾਰ ਕਰ ਦਿਤਾ।

ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਹੇਠਲੀ ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ, ਨਾਰੀ ਮੰਚ ਪੰਜਾਬ, ਸੀ. ਪੀ. ਆਈ. (ਐਮ. ਐਲ-ਐਸ. ਐਨ. ਗਰੁੱਪ) (ਸੀ.ਪੀ.ਆਈ. (ਐਮ. ਐਲ., ਪੈਗਾਮ ਗਰੁੱਪ), ਕੁਝ ਜਮਹੂਰੀਅਤ ਪਸੰਦ ਬੁਧੀਮਾਨਾਂ ਅਤੇ ਪੱਤਰਕਾਰਾਂ (ਜਿਹਨਾਂ ਵਿਚ ਬਹੁਤੇ ਗੈਰ-ਸਿੱਖ ਹਨ) ਤੋਂ ਬਿਨਾਂ ਪੰਜਾਬ ਅੰਦਰਲੀ ਜਾਂ ਦੇਸ਼ ਅੰਦਰਲੀ ਕੋਈ ਵੀ ਪਾਰਟੀ ਬਟਾਲੇ ਅੰਦਰ ਚਲ ਰਹੇ "ਓਪਰੇਸ਼ਨ ਜਲੀਲ" ਵਿਰੁੱਧ ਬੋਲਣ ਲਈ ਅੱਗੇ ਨਹੀ ਆ ਰਹੀ। ਬਟਾਲੇ ਅੰਦਰਲਾ ਜਬਰ ਲੋਕਾਂ ਦੇ ਅਸਲੀ ਅਤੇ ਨਕਲੀ ਮਿੱਤਰਾਂ ਵਿਚ ਵੀ ਸਪੱਸ਼ਟ ਨਿਖੇੜਾ ਕਰ ਰਿਹਾ ਹੈ।

"ਓਪਰੇਸ਼ਨ ਜਲੀਲ" ਨੂੰ ਕੇਂਦਰੀ ਹਾਕਮਾਂ ਦੀ ਸ਼ਹਿ

ਪੰਜਾਬ ਅੰਦਰਲੀ ਰਾਜ ਮਸ਼ੀਨਰੀ ਦਾ ਇਕ ਹਿੱਸਾ ਜਬਰ ਨੂੰ ਉਸ ਪੱਧਰ 'ਤੇ ਨਹੀਂ ਲਿਜਾਣਾ ਚਾਹੁੰਦਾ ਜਿਥੇ ਭਾਰੂ ਹਿੱਸਾ ਲਿਜਾ ਰਿਹਾ। ਭਾਵੇਂ ਕਿ ਜਬਰ ਦੇ ਸਬੰਧ ਵਿਚ ਇਹ ਹਿੱਸਾ ਵੀ ਦੁੱਧ ਧੋਤਾ ਨਹੀਂ, ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਦੇ ਖ਼ੂਨ ਨਾਲ ਇਸਦੇ ਵੀ ਹੱਥ ਰੰਗੇ ਹੋਏ ਹਨ ਪਰ ਇਸ ਵੱਲੋਂ "ਓਪਰੇਸ਼ਨ ਜਲੀਲ" ਦਾ ਪਬਲਿਕ ਤੌਰ 'ਤੇ ਵਿਰੋਧ ਕਰਨ ਨਾਲ ਇਹ ਗੱਲ ਸਪਸ਼ਟ ਰੂਪ 'ਚ ਸਾਹਮਣੇ ਆ ਗਈ ਹੈ ਕਿ ਇਸ ਓਪਰੇਸ਼ਨ ਨੂੰ ਕੇਂਦਰੀ ਹਾਕਮਾਂ ਦੀ ਪੂਰੀ ਸ਼ਹਿ ਹੈ। ਇਸ ਧਿਰ ਵੱਲੋਂ ਓਪਰੇਸ਼ਨ ਦੇ ਖਿਲਾਫ ਬਿਆਨ ਦੇਣ ਦੇ ਫੌਰੀ ਬਾਅਦ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਰੇਅ-ਰਿਬੇਰੋ ਅਤੇ ਕੇ. ਪੀ. ਐਸ ਗਿੱਲ ਨੂੰ ਦਿੱਲੀ ਸੱਦ ਲਿਆ ਅਤੇ ਓਪਰੇਸ਼ਨ ਬਾਰੇ ਬਰੀਕੀ ਨਾਲ ਬਹਿਸ-ਵਿਚਾਰ ਕਰਨ ਮਗਰੋਂ ਇਸ ਨੂੰ ਜਾਰੀ ਰੱਖਣ ਦੇ ਹੁਕਮ ਦੀ ਦਿਤੇ। ਪ੍ਰਧਾਨ ਮੰਤਰੀ ਵਲੋਂ ਹਰੀ ਝੰਡੀ ਮਿਲਣ ਦੀ ਦੇਰ ਸੀ ਕਿ ਕੇ. ਪੀ. ਐਸ. ਗਿੱਲ ਨੇ ਪੰਜਾਬ ਪਹੁੰਚਦਿਆਂ ਹੀ ਗੋਬਿੰਦ ਰਾਮ ਨੂੰ ਨੇਕ-ਚਲਣੀ ਦੇ ਸਰਟੀਫਿਕੇਟ ਦੇਣੇ ਸ਼ੁਰੂ ਕਰ ਦਿਤੇ। ਹਾਲਾਂ ਕਿ ਉਹਨਾਂ ਦੇ ਪਹਿਲੇ ਪ੍ਰੋਗਰਾਮ ਮੁਤਾਬਕ ਪੜਤਾਲ ਦਾ ਡਰਾਮਾ ਕਰਕੇ ਉਸਨੂੰ ਬਰੀ ਕਰਨਾ ਮਿਥਿਆ ਗਿਆ ਸੀ।

✠

ਪੰਜਾਬੀ ਔਰਤਾਂ ਦੀਆਂ ਸਮੱਸਿਆਵਾਂ ਨੂੰ ਸੰਬੋਧਤ ਦੋਮਾਸਿਕ ਪਰਚਾ

ਸ਼ੀਹਣੀ

ਆਪ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ

ਸਾਲਾਨਾ ਚੰਦਾ : 20 ਰੁਪਏ

ਪਤਾ : ਡਾ: ਜੀਵਨਜੋਤ ਕੌਰ,
ਨਿਊ ਹਰਿੰਦਰਾ ਨਗਰ,
(ਸਦਰ ਥਾਣੇ ਦੇ ਸਾਹਮਣੇ)
ਫਰੀਦਕੋਟ

ਅਸ.ਐਸ.ਪੀ. ਗੋਬਿੰਦ ਰਾਮ

ਬਟਾਲੇ 'ਚ ਸਰਕਾਰੀ ਦਹਿਸ਼ਤ ਦਾਂ ਸਰਗਣਾਂ

[ਦਿੱਲੀ ਦੇ ਕੁਝ ਬੁੱਧੀਜੀਵੀਆਂ ਵਲੋਂ 'ਪੰਜਾਬ ਬਾਰੇ ਜਾਣਕਾਰੀ ਅਤੇ ਪਹਿਲਕਦਮੀ' ਲਈ ਇਕ ਕਮੇਟੀ ਬਣਾਈ ਗਈ ਹੈ। ਇਸ ਕਮੇਟੀ ਵਲੋਂ ਇਕ ਤਿੰਨ ਮੈਂਬਰੀ ਟੀਮ, ਜਿਸ ਵਿਚ ਫਿਲਮ ਡਾਇਰੈਕਟਰ ਤਪਨ ਬੋਸ, ਰਾਮ ਨਰਾਇਣ ਕੁਮਾਰ ਅਤੇ ਅਸ਼ੋਕ ਕੁਮਾਰ ਅੱਗਰਵਾਲ ਸ਼ਾਮਲ ਸਨ, ਨੇ ਹੁਣੇ ਜਹੇ ਪੰਜਾਬ ਵਿਚ ਬਟਾਲੇ ਖੇਤਰ ਦਾ ਦੌਰਾ ਕਰਕੇ ਇਸ ਇਲਾਕੇ 'ਚ ਹੋ ਰਹੇ ਸਰਕਾਰੀ ਜਬਰ ਬਾਰੇ ਇਕ ਰਿਪੋਰਟ ਛਾਪੀ ਹੈ। ਇਸ ਟੀਮ ਨੇ ਇਸ ਰਿਪੋਰਟ ਦਾ ਨਾਂ ਰਖਿਆ ਹੈ, "ਐਸ.ਐਸ.ਪੀ. ਗੋਬਿੰਦ ਰਾਮ ਬਟਾਲੇ 'ਚ ਦਹਿਸ਼ਤ।" ਹੇਠਾਂ ਅਸੀਂ ਇਸ ਰਿਪੋਰਟ ਦਾ ਪੰਜਾਬੀ ਅਨੁਵਾਦ ਛਾਪ ਰਹੇ ਹਾਂ। (ਸੰਪਾਦਕ)]

2 ਫਰਵਰੀ ਨੂੰ ਸਾਡੀ ਟੀਮ ਦੇ ਦੋ ਮੈਂਬਰਾਂ ਮੈਂ ਅਤੇ ਤਪਨ ਬੋਸ — ਨੇ ਬਟਾਲੇ ਦੇ ਇਕ ਪ੍ਰਾਇਮਰੀ ਸਕੂਲ ਗੁਰੂ ਨਾਨਕ ਦੇਵ ਅਕੈਡਮੀ ਦਾ ਦੌਰਾ ਕੀਤਾ। ਸਾਨੂੰ ਦਸਿਆ ਗਿਆ ਸੀ ਕਿ ਇਹ ਸਕੂਲ ਉਹਨਾਂ ਮਾਪਿਆਂ ਦੇ ਬੱਚਿਆਂ ਦੀ ਪੜ੍ਹਾਈ ਅਤੇ ਪਾਲਣ-ਪੋਸਣ ਲਈ ਚਲਾਇਆ ਜਾ ਰਿਹਾ ਹੈ, ਜੋ ਸਰਕਾਰ ਦੇ ਅਤਿਆਚਾਰਾਂ ਦਾ ਸ਼ਿਕਾਰ ਹੋਏ ਹਨ। ਅਕੈਡਮੀ ਵਿਚ ਪੜ੍ਹ ਰਹੇ ਪੰਦਰਾਂ ਬੱਚਿਆਂ ਦੇ ਬਾਪ ਕਥਿਤ 'ਮੁਕਾਬਲਿਆਂ' ਵਿਚ ਮਾਰੇ ਗਏ ਹਨ। ਇਸੇ ਸਕੂਲ ਤੋਂ ਸਾਨੂੰ ਬਟਾਲੇ ਦੇ ਐਸ. ਐਸ. ਪੀ ਗੋਬਿੰਦ ਰਾਮ ਵਲੋਂ ਜ਼ਿਲ੍ਹੇ ਵਿਚ ਚਲਾਈ ਜਾ ਰਹੀ ਦਹਿਸ਼ਤ ਦੀ ਲਹਿਰ ਮੁਹਿੰਮ ਬਾਰੇ ਪਤਾ ਲਗਾ। ਇਸ ਮੁਹਿੰਮ ਦਾ ਮਕਸਦ ਸਿੱਖ ਖਾੜਕੂਆਂ ਦੇ ਹੌਂਸਲਿਆਂ ਨੂੰ ਪਸਤ ਕਰਨਾ ਹੈ। ਅਕੈਡਮੀ ਦੇ ਇਕ ਅਧਿਆਪਕ ਨੇ, ਜਿਸਦਾ ਨਾਂ ਅਸੀਂ ਗੁਪਤ ਰੱਖ ਰਹੇ ਹਾਂ, ਇਸ ਮੁਹਿੰਮ ਦੀ ਘਟਨਾ ਸੁਣਾਈ। 10 ਜਨਵਰੀ ਨੂੰ ਪੰਜਾਬ ਪੁਲਸ ਅਤੇ ਬੀ. ਐਸ. ਐਫ ਦੇ ਦਸਤਿਆਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਸਾਰਚੂਰ ਪਿੰਡ 'ਤੇ ਛਾਪਾ ਮਾਰਿਆ। ਛਾਪੇ ਦੀ ਅਗਵਾਈ ਗੋਬਿੰਦ ਰਾਮ ਆਪ ਕਰ ਰਿਹਾ ਸੀ। ਉਸਨੇ ਸਾਰੇ ਸਿੱਖ ਪਰਿਵਾਰਾਂ ਨੂੰ ਪਿੰਡ ਦੇ ਬਾਹਰਵਾਰ ਫੋਕਲ ਪੁਆਇੰਟ 'ਤੇ ਇਕੱਠੇ ਹੋਣ ਦਾ ਹੁਕਮ ਦਿਤਾ। ਪੁਲਸ ਦੀਆਂ ਕੁਝ ਟੋਲੀਆਂ ਲਾਗਲੇ ਛੋਟੇ ਛੋਟੇ ਪਿੰਡਾਂ ਜਿਵੇਂ ਕਿ ਕੋਟਲੀ, ਪਰੋਵਾਲ, ਨਾਸਿਰਕੇ, ਕਾਲੋਵਾਲ ਅਤੇ ਭੰਗਾਲੀ ਆਦਿ ਦੇ ਲੋਕਾਂ ਨੂੰ ਖੇਤਾਂ, ਗਲੀਆਂ ਅਤੇ ਘਰਾਂ ਤੋਂ ਕੱਢਕੇ ਡੰਗਰਾਂ ਵਾਂਗ ਅੱਗੇ ਲਾ ਕੇ ਸਾਰਚੂਰ ਦੇ ਫੋਕਲ ਪੁਆਇੰਟ 'ਤੇ ਲੈ ਆਈਆਂ। ਗੁਲਾਮਾਂ 'ਤੇ ਗੁੱਸਾ ਝਾੜ ਰਹੇ ਕਿਸੇ ਅਵੈੜੇ ਮਾਲਕ ਵਾਂਗ ਗੋਬਿੰਦ ਰਾਮ ਉਹਨਾਂ ਨੂੰ ਬੁਰਾ-ਭਲਾ ਕਹਿਣ ਲੱਗਾ। ਉਹ ਕਹਿ ਰਿਹਾ ਸੀ ਕਿ ਤੁਸੀਂ ਦਹਿਸ਼ਤਗਰਦਾਂ ਨੂੰ ਘਰੀਂ ਰਖਦੇ ਹੋ ਅਤੇ ਆਪਣੀਆਂ ਔਰਤਾਂ ਨੂੰ ਉਹਨਾਂ ਨਾਲ ਸਵਾਉਂਦੇ ਹੋ। ਫਿਰ ਉਸਨੇ ਨੌਜਵਾਨਾਂ ਨੂੰ ਢਿੱਡ ਪਰਨੇ ਧਰਤੀ 'ਤੇ ਲੇਟ ਜਾਣ ਦਾ ਹੁਕਮ ਕੀਤਾ। ਨੌਜਵਾਨਾਂ ਦੀ ਅਜਿਹਾ ਕਰਨ ਦੀ ਦੇਰ ਹੀ ਸੀ ਕਿ ਪੁਲਸੀਆਂ ਨੇ ਉਹਨਾਂ ਉਤੇ ਚਮੜੇ ਦੇ ਪਟਿਆਂ, ਬੱਟਾਂ ਅਤੇ ਡਾਗਾਂ ਦਾ ਮੀਂਹ ਵਰ੍ਹਾ ਦਿੱਤਾ। ਇਹ ਜਨਤਕ ਕੁਟਾਪਾ ਘੰਟਾ ਭਰ ਚਲਿਆ। ਫਿਰ ਗੋਬਿੰਦ ਰਾਮ ਨੇ ਲੋਕਾਂ ਨੂੰ ਕਿਹਾ ਕਿ ਉਹ ਉਸਦੇ ਮਗਰ ਮਗਰ ਪਿੰਡ ਦੀ ਇਕ ਅਕਾਲੀ ਲੀਡਰ ਸੁਰਜੀਤ ਕੌਰ ਅਤੇ ਉਸਦੀਆਂ ਨੌਜਵਾਨ ਲੜਕੀਆਂ ਨੂੰ ਗਾਲ੍ਹਾਂ ਕੱਢਣ ਸੁਰਜੀਤ ਕੌਰ ਪਿਛਲੇ ਪੰਜ ਮਹੀਨਿਆਂ ਤੋਂ ਜੇਲ੍ਹ ਅੰਦਰ ਬੰਦ ਹੈ। ਫਰੋਵਾਲ ਪਿੰਡ ਦੇ ਇਕ ਸਾਬਕਾ ਫੌਜੀ ਅਫਸਰ ਚਰਨ ਸਿੰਘ ਨੇ ਇਸਦੇ ਖਿਲਾਫ ਅਵਾਜ਼ ਉਠਾਈ। ਉਸਨੇ ਧੀਆਂ-ਭੈਣਾਂ ਨੂੰ ਗਾਲ੍ਹਾਂ ਦੇਣ ਤੋਂ ਇਨਕਾਰ ਕਰ ਦਿੱਤਾ। ਗੋਬਿੰਦ ਰਾਮ ਨੇ ਹੁਕਮ ਕੀਤਾ ਕਿ ਉਸਨੂੰ ਹਿਰਾਸਤ ਵਿਚ ਲੈ ਲਿਆ ਜਾਵੇ। ਚਰਨ ਸਿੰਘ ਨੂੰ ਗਲੋਂ ਫੜਕੇ ਇਕ ਪੁਲਸ ਟਰੱਕ ਵਿਚ ਸੁੱਟ ਦਿੱਤਾ ਗਿਆ ਅਤੇ ਥਾਣੇ ਲੈ ਗਏ। ਇਸ ਤੋਂ ਬਾਅਦ ਗੋਬਿੰਦ ਰਾਮ ਨੇ ਲੋਕਾਂ ਨੂੰ ਫਿਰ ਗਾਲ੍ਹਾਂ ਕੱਢਣ ਲਈ ਮਜਬੂਰ ਕੀਤਾ। ਉਹ ਕਹਿ ਰਿਹਾ ਸੀ ਕਿ ਜੇ ਕਦੇ ਸੁਰਜੀਤ ਕੌਰ ਜੇਲ੍ਹੋਂ ਬਾਹਰ ਆ ਗਈ ਤਾਂ ਉਹ ਉਸਨੂੰ ਅਤੇ ਉਸਦੀਆਂ ਲੜਕੀਆਂ ਨੂੰ ਅਜਿਹੇ ਹੀ ਇਕੱਠ ਦੇ ਸਾਹਮਣੇ ਨੰਗੀਆਂ ਕਰਕੇ ਨਚਾਵੇਗਾ। ਸ਼ਾਮ ਨੂੰ ਜਾਂਦਾ ਹੋਇਆ ਗੋਬਿੰਦ ਰਾਮ ਪਿੰਡ ਵਾਲਿਆਂ ਨੂੰ ਧਮਕੀ ਦੇ ਗਿਆ ਕਿ ਅਗਲੀ ਵਾਰੀ ਔਰਤਾਂ ਨੂੰ ਇਕੱਠਾ ਕੀਤਾ ਜਾਵੇਗਾ ਅਤੇ ਉਹਨਾਂ ਨਾਲ ਵੀ ਇਸੇ ਤਰ੍ਹਾਂ ਹੀ ਕੀਤਾ ਜਾਵੇਗਾ।

ਇਸ ਘਟਨਾ ਨੂੰ ਬਿਆਨ ਕਰਨ ਵਾਲੇ ਅਧਿਆਪਕ ਨੇ ਇਹ ਵੀ ਦਸਿਆ ਕਿ ਸਾਰਚੂਰ ਦੀਆਂ ਕਈ ਔਰਤਾਂ ਡਰਦੀਆਂ ਮਾਰੀਆਂ ਘਰ ਛੱਡਕੇ ਆਪਣੇ ਰਿਸ਼ਤੇਦਾਰਾਂ ਕੋਲ ਰਹਿਣ ਲੱਗ ਪਈਆਂ ਹਨ।

ਅਸੀਂ ਨਿੱਜੀ ਤੌਰ 'ਤੇ ਪਿੰਡ ਜਾਕੇ ਪੁਲਸ ਦੇ ਅਤਿਆਚਾਰਾਂ ਤੋਂ ਪਰਭਾਵਤ ਲੋਕਾਂ ਨਾਲ ਗੱਲਾਂ ਕਰਕੇ ਆਪ ਪੜਤਾਲ ਕਰਨ ਦਾ ਫੈਸਲਾ ਕੀਤਾ।

10 ਫਰਵਰੀ ਨੂੰ ਸਵੇਰੇ ਕਮੇਟੀ ਦੇ ਦੋ ਮੈਂਬਰ ਮੈਂ ਅਤੇ ਅਸ਼ੋਕ ਅਗਰਵਾਲ ਮੁੜ ਬਟਾਲੇ ਗਏ; ਅਸਾਂ ਆਪਣੇ ਆਉਣ ਬਾਰੇ ਪਹਿਲਾਂ ਕਿਸੇ ਨੂੰ ਕੋਈ ਜਾਣਕਾਰੀ ਨਾ ਦਿੱਤੀ। ਅਸੀਂ ਪਹਿਲਾਂ ਗੁਰੂ ਨਾਨਕ ਦੇਵ ਅਕੈਡਮੀ ਵਿਚ ਹੀ ਗਏ। ਉਥੇ ਜਾਕੇ ਸਾਨੂੰ ਪਤਾ ਲੱਗਾ ਕਿ ਪੁਲਸ ਨੇ ਉਨ੍ਹਾਂ ਬੱਚਿਆਂ ਨੂੰ ਸਕੂਲ ਛੱਡ ਦੇਣ ਲਈ ਮਜਬੂਰ ਕਰ ਦਿਤਾ ਹੈ; ਜਿਹਨਾਂ ਦੇ ਬਾਪ 'ਮੁਕਾਬਲਿਆਂ' ਵਿਚ ਮਾਰੇ ਗਏ ਹਨ।

ਅਸਾਂ ਸਬੰਧਤ ਅਧਿਆਪਕ ਨੂੰ ਪੁੱਛਿਆ ਕਿ ਕੀ ਉਹ 10 ਜਨਵਰੀ ਦੀ ਘਟਨਾ ਨਾਲ ਸਬੰਧਤ ਪਿੰਡਾਂ ਵਿਚ ਜਾਣ ਲਈ ਸਾਡਾ ਸਾਥ ਦੇਵੇਗਾ ? ਉਹ ਮੰਨ ਗਿਆ।

ਅਸੀਂ ਕਾਰ 'ਤੇ ਸਾਰਚੂਰ ਪਹੁੰਚੇ, ਇਹ ਪਿੰਡ ਬਟਾਲੇ ਤੋਂ 18 ਕਿਲੋਮੀਟਰ ਦੀ ਦੂਰੀ 'ਤੇ ਹੈ। ਰਾਹ ਵਿਚ ਅਸੀਂ ਬੀ. ਐਸ. ਐਫ ਦੀਆਂ ਕਈ ਚੈਕ-ਪੋਸਟਾਂ ਕੋਲੋਂ ਲੰਘੇ। ਬੀ. ਐਸ. ਐਫ ਵਾਲੇ 'ਮੈਟਲ ਡੀਟੈਕਟਰਾਂ' ਅਤੇ ਰਾਈਫਲਾਂ ਨਾਲ ਲੈਸ ਸਨ। ਉਹ ਰਾਈਫਲਾਂ ਨੂੰ ਸਾਡੇ ਮੂੰਹਾਂ ਦੇ ਨੇੜੇ ਕਰਕੇ ਆਮ ਤੌਰ 'ਤੇ ਇਹ ਸਵਾਲ ਪੁਛਦੇ, ਤੁਸੀਂ ਕਿਥੋਂ ਆ ਰਹੇ ਹੋ ? ਕਿਥੇ ਜਾ ਰਹੇ ਹੋ ? ਤੁਹਾਡੇ ਸਮਾਨ ਵਿਚ ਕਿਹੜੀ ਕਿਹੜੀ ਚੀਜ ਹੈ ? ਅਸੀਂ ਆਪਣਾ ਜਵਾਬ ਦੇਂਦੇ।

ਸਾਰਚੂਰ ਦੇ ਨੇੜੇ ਪਹੁੰਚਕੇ ਅਸੀਂ ਦੋ ਨੌਜਵਾਨ ਦੇਖੇ ਜੋ ਸੜਕ ਦੇ ਨਾਲ ਨਾਲ ਚਲ ਰਹੇ ਸਨ। ਸਾਡੇ ਸਾਥੀ ਨੇ ਕਾਰ ਰੋਕਣ ਲਈ ਕਿਹਾ ਅਤੇ ਉਨ੍ਹਾਂ ਨੂੰ ਅਵਾਜ ਮਾਰੀ। ਭਾਵੇਂ ਜਾਪਦਾ ਤਾਂ ਇਹ ਸੀ ਕਿ ਉਹ ਉਸਨੂੰ ਪਛਾਣਦੇ ਹਨ ਪਰ ਸਾਨੂੰ ਦੇਖਕੇ ਉਹ ਮੁੜਕੋ-ਮੁੜਕੀ ਹੋ ਗਏ. ਅਸਾਂ ਉਹਨਾਂ ਨੂੰ ਪੁੱਛਿਆ ਕਿ 10 ਜਨਵਰੀ ਨੂੰ ਪਿੰਡ ਵਿਚ ਕੀ ਵਾਪਰਿਆ ਸੀ ? ਉਹ ਚੁੱਪ ਰਹੇ. ਉਹਨਾਂ ਦੇ ਚਿਹਰਿਆਂ ਦਾ ਰੰਗ ਉਡ ਚੁੱਕਾ ਸੀ। ਉਹ ਕਿਸੇ ਨਾ ਕਿਸੇ ਤਰ੍ਹਾਂ ਸਾਡੇ ਤੋਂ ਖਿਸਕ ਜਾਣਾ ਚਾਹੁੰਦੇ ਸਨ। ਅਸਾਂ ਉਹਨਾਂ ਨੂੰ ਜਾਣ ਦਿੱਤਾ। ਫਿਰ ਅਸਾਂ ਦੇਖਿਆ ਕਿ ਇਕ ਦਰਮਿਆਨੀ ਜਿਹੀ ਉਮਰ ਦਾ ਵਿਅਕਤੀ ਟਰੈਕਟਰ ਚਲਾਉਂਦਾ ਆ ਰਿਹਾ ਸੀ। ਸਾਡੇ ਸਾਥੀ ਨੇ ਉਸਨੂੰ ਰੁਕਣ ਲਈ ਇਸ਼ਾਰਾ ਕੀਤਾ ਅਤੇ ਉਸ ਨਾਲ ਪੰਜ ਕੁ ਮਿੰਟ ਗੱਲ ਕੀਤੀ ਅਤੇ ਉਸਨੂੰ ਯਕੀਨ ਦੁਆਇਆ ਕਿ ਅਸੀਂ ਪੁਲਸ ਦੇ ਜਾਸੂਸ ਨਹੀਂ ਹਾਂ। ਫਿਰ ਉਸਨੂੰ ਦਸਿਆ ਕਿ ਅਸੀਂ 10 ਜਨਵਰੀ ਵਾਲੀ ਘਟਨਾ ਦੀ ਪੜਤਾਲ ਕਰਨ ਆਏ ਹਾਂ। ਉਸਨੇ ਟੁੱਟਵੀਆਂ ਟੁੱਟਵੀਆਂ ਗੱਲਾਂ ਦੱਸਣੀਆਂ ਸ਼ੁਰੂ ਕੀਤੀਆਂ। ਅਸਾਂ ਉਸਨੂੰ ਉਸਦਾ ਨਾਂ ਪੁੱਛਣਾ ਚਾਹਿਆ ਪਰ ਉਸਨੇ ਜਵਾਬ ਦੇ ਦਿੱਤਾ। ਅਸਾਂ ਪੁਛਿਆ ਕਿ ਕੀ ਅਸੀਂ ਗੱਲਾਂ ਨੂੰ ਟੇਪ ਵਿਚ ਰਿਕਾਰਡ ਕਰ ਲਈਏ ? ਉਸਨੇ ਇਸ ਤੋਂ ਵੀ ਜਵਾਬ ਦੇ ਦਿੱਤਾ। ਜਦੋਂ ਅਸੀਂ ਗੱਲਾਂ ਨੂੰ ਕਾਪੀ 'ਤੇ ਨੋਟ ਕਰਨਾ ਸ਼ੁਰੂ ਕੀਤਾ ਤਾਂ ਉਸਨੇ ਇਸ ਤੋਂ ਵੀ ਮਨ੍ਹਾ ਕਰ ਦਿੱਤਾ। ਪਿੰਡ ਵਿਚ ਡਰ ਦਾ ਮਾਹੌਲ ਸਾਨੂੰ ਹੈਰਾਨ ਪ੍ਰੇਸ਼ਾਨ ਕਰਨ ਲੱਗਾ। ਅਸਾਂ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮਹੱਤਵਪੂਰਨ ਤੱਥਾਂ ਨੂੰ ਰਿਕਾਰਡ ਕਰਨਾ ਜ਼ਰੂਰੀ ਹੈ. ਨਹੀਂ ਤਾਂ ਅਸੀਂ ਇਹਨਾਂ ਵਿਚੋਂ ਕਈਆਂ ਨੂੰ ਭੁੱਲ ਜਾਵਾਂਗੇ। ਅਸੀਂ ਇਹ ਵੀ ਕਿਹਾ ਕਿ ਅਸੀਂ ਤੇਰੇ ਬਾਰੇ ਕਿਸੇ ਨੂੰ ਦਸਦੇ ਵੀ ਨਹੀਂ। ਪਰ ਉਸਦਾ ਸ਼ੱਕ ਕਾਇਮ ਰਿਹਾ ਅਤੇ ਉਹ ਬਟਾਲੇ ਕਿਸੇ ਜ਼ਰੂਰੀ ਕੰਮ ਲਈ ਜਾਣ ਦਾ ਬਹਾਨਾ ਪਾਕੇ ਤੁਰਦਾ ਬਣਿਆ। ਅਸੀਂ ਪਿੰਡ ਪਹੁੰਚ ਗਏ। ਪਹਿਲਾਂ ਅਸੀਂ ਕੁਝ ਘਰਾਂ ਦੀ ਇਕ ਬਹਿਕ ਕੋਲ ਖਲੋਤੇ। ਘਰਾਂ ਅੰਦਰ ਕੁਝ ਲੋਕ ਇੱਧਰ-ਉੱਧਰ ਫਿਰ ਰਹੇ ਸਨ। ਕੁਝ ਪੱਠੇ ਵੱਢ ਰਹੇ ਸਨ ਅਤੇ ਕੁਝ ਹੋਰ ਛੋਟੇ ਮੋਟੇ ਕੰਮ ਕਰ ਰਹੇ ਸਨ। ਸਾਡੇ ਸਾਥੀ ਨੇ ਇਕ ਵਾਰ ਫਿਰ ਇਹਨਾਂ ਨੂੰ ਵੀ ਸਾਡੇ ਆਉਣ ਦਾ ਮਕਸਦ ਦਸਿਆ। ਅਸਾਂ ਉਹਨਾਂ ਨੂੰ ਸ਼ੁਰੂ ਵਿਚ ਹੀ ਯਕੀਨ ਦਿਵਾ ਦਿੱਤਾ ਕਿ ਜੇ ਉਹ ਆਪਣੇ ਨਾਂਅ ਗੁਪਤ ਰੱਖਣੇ ਚਾਹੁੰਦੇ ਹੋਣ ਤਾਂ ਅਸੀਂ ਉਹਨਾਂ ਬਾਰੇ ਕਿਸੇ ਨੂੰ ਵੀ ਨਹੀਂ ਦੱਸਾਂਗੇ। ਜਲਦੀ ਹੀ ਪਿੰਡ ਦੇ 20-25 ਆਦਮੀ ਸਾਡੇ ਦੁਆਲੇ ਇਕੱਠੇ ਹੋ ਗਏ। ਉਹਨਾਂ ਨੇ ਸਾਨੂੰ 10 ਜਨਵਰੀ ਦੀ ਘਟਨਾ ਬਾਰੇ ਬੜੇ ਵਿਸਥਾਰ ਨਾਲ ਦੱਸਿਆ। ਉਹਨਾਂ ਵਿਚ ਕੁਝ ਅਜਿਹੇ ਵੀ ਵਿਅਕਤੀ ਸਨ ਜੋ ਸਾਰੀ ਗੱਲਬਾਤ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਨ ਪਰ ਆਪ ਇਕ ਅੱਖਰ ਵੀ ਨਾ ਬੋਲੇ। ਜਦੋਂ ਅਸੀਂ ਕਿਹਾ ਕਿ ਸਾਨੂੰ ਇਹ ਦੱਸੋ ਕਿ ਗੋਬਿੰਦ ਰਾਮ ਨੇ ਸੁਰਜੀਤ ਕੌਰ ਅਤੇ ਉਸਦੀਆਂ ਲੜਕੀਆਂ ਨੂੰ ਹੀ ਕਿਉਂ ਗਾਲ੍ਹਾਂ ਕੱਢਵਾਈਆਂ, ਤਾਂ ਜਿਹੜੇ ਹੁਣ ਤਕ ਚੁਪ ਰਹੇ ਸਨ ਉਹ ਵੀ ਫੁੱਟ ਪਏ, 'ਉਸ ਘਟਨਾ ਬਾਰੇ ਗੱਲ ਕਰਦਿਆਂ ਸਾਨੂੰ ਸ਼ਰਮ ਆਉਂਦੀ ਹੈ। ਨਾਲੇ ਪੁਲਸ ਸਾਨੂੰ ਫਿਰ ਕੁਟਾਪਾ ਚਾੜ੍ਹੇਗੀ।''

''ਤੁਸੀਂ ਇੰਨੇ ਕਿਉਂ ਡਰੇ ਹੋਏ ਹੋ ? ਸਾਡੇ ਨਾਲ ਗੱਲ ਕਰਨ ਤੇ ਤੁਹਾਨੂੰ ਕੋਈ ਕੁਝ ਨਹੀਂ ਕਹਿਣ ਲੱਗਾ'' ਇਹ ਕਹਿੰਦਿਆ ਅਸਾਂ ਉਹਨਾ ਦੀ ਧੀਰਜ ਬਨਾਉਣ ਦੀ ਕੋਸ਼ਿਸ਼ ਕੀਤੀ।

''ਹੱਛਾ, ਤੁਸੀਂ ਇਹ ਜਾਨਣਾ ਚਾਹੁੰਦੇ ਹੋ ਕਿ ਅਸੀਂ ਏਨਾ ਕਿਉਂ ਡਰੇ ਹੋਏ ਹਾਂ ? ਤਾਂ ਆਓ, ਸਾਡੇ ਨਾਲ ਚਲੋ.

ਤੁਹਾਨੂੰ ਆਪੇ ਪਤਾ ਲੱਗ ਜਾਵੇਗਾ।'' ਉਹ ਕਾਰ ਵਿਚ ਬਹਿ ਗਏ ਅਤੇ ਸਾਨੂੰ ਨਾਸਿਰਕੇ (ਪਿੰਡ) ਚਲਣ ਲਈ ਕਿਹਾ। ਅਸੀਂ ਪਾਲ ਸਿੰਘ ਨਾਂਅ ਦੇ ਇਕ ਵਿਅਕਤੀ ਦੇ ਘਰ ਮੂਹਰੇ ਜਾ ਕੇ ਕਾਰ ਰੋਕ ਦਿੱਤੀ। ਉਹ ਅੰਦਰ ਗਏ ਅਤੇ ਪਾਲ ਸਿੰਘ ਨੂੰ ਸੱਦ ਲਿਆਏ। ਉਹ ਸੱਠਾਂ ਕੁ ਸਾਲਾਂ ਦਾ ਲਗਦਾ ਸੀ ਅਤੇ ਉਸਦੀ ਇਕ ਬਾਂਹ ਵੱਢੀ ਹੋਈ ਸੀ। ਸਾਨੂੰ ਪਤਾ ਨਹੀਂ ਸੀ ਲਗਦਾ ਕਿ ਅਸੀਂ ਉਸਨੂੰ ਕੀ ਪੁਛੀਏ? ਸਾਡੇ ਨਾਲ ਆਏ ਬੰਦਿਆਂ ਨੇ ਦੱਸਿਆ ਕਿ ਪਾਲ ਸਿੰਘ ਆਪਣੇ ਤਿੰਨਾਂ ਪੁੱਤਰਾਂ ਨੂੰ ਜੇਲ੍ਹ ਭਿਜਵਾ ਕੇ ਆਇਆ ਹੈ।

''ਉਹ ਕੀ ਕਰਦੇ ਸਨ ?''

''ਕੁਝ ਵੀ ਨਹੀਂ।'' ਪਾਲ ਸਿੰਘ ਨੇ ਕਿਹਾ।

ਕੁਝ ਵੀ ਨਹੀਂ ਤੋਂ ਕੀ ਭਾਵ ? ਤੁਹਾਨੂੰ ਪਤਾ ਤੇ ਹੋਊ। ਤੁਸੀਂ ਆਪ ਹੀ ਤਾਂ ਉਹਨਾਂ ਨੂੰ ਅੰਦਰ ਕਰਵਾਕੇ ਆਏ ਹੋ।

''ਮੈਂ ਉਹਨਾਂ ਨੂੰ ਇਸ ਲਈ ਅੰਦਰ ਕਰਵਾਕੇ ਆਇਆ ਹਾਂ ਤਾਂ ਕਿ ਗੋਬਿੰਦ ਰਾਮ ਕਿਤੇ ਉਹਨਾਂ ਨੂੰ ਮਰਵਾ ਹੀ ਨਾ ਦੇਵੇ।'' ਪਾਲ ਸਿੰਘ ਨੇ ਕਿਹਾ।

ਅਸੀਂ ਗੱਲ ਸਮਝੇ ਨਹੀਂ।

ਦੇਖੋ. ਮੇਰੇ ਤਿੰਨਾਂ ਹੀ ਪੁੱਤਰਾਂ ਧਨਰਾਜ ਸਿੰਘ. ਰਣਜੀਤ ਸਿੰਘ ਅਤੇ ਦਿਲਬਾਗ ਸਿੰਘ ਨੂੰ 1986 ਵਿਚ ਕਤਲ ਦੇ ਇਕ ਝੂਠੇ ਕੇਸ ਵਿਚ ਫਸਾ ਦਿੱਤਾ ਗਿਆ। ਕਿਉਂਕਿ ਕੇਸ ਝੂਠਾ ਸੀ ਉਸ ਵਿਚ ਕੋਈ ਤੱਤ ਹੀ ਨਹੀਂ ਸੀ. ਇਸ ਲਈ ਤਿੰਨਾਂ ਦੀ ਹੀ ਜ਼ਮਾਨਤ ਹੋ ਗਈ। ਪਰ ਜਦੋਂ ਤੋਂ ਹੀ ਉਹਨਾਂ ਦੀ ਜ਼ਮਾਨਤ ਹੋਈ ਹੈ. ਪੁਲਸ ਉਹਨਾਂ ਦੇ ਮਗਰ ਪਈ ਹੋਈ ਹੈ। ਪੁਲਸ ਵਾਲੇ ਉਹਨਾਂ ਨੂੰ ਟਾਊਟ ਬਨਾਉਣਾ ਚਾਹੁੰਦੇ ਹਨ। ਜਦੋਂ ਗੋਬਿੰਦ ਰਾਮ ਐਸ.ਐਸ.ਪੀ. ਬਣਿਆ, ਸਾਡੇ 'ਤੇ ਕੀਤੀ ਜਾ ਰਹੀ ਤੰਗੀ ਇਕ ਦਮ ਵਧ ਗਈ, ਅਸਹਿ ਹੋ ਗਈ। ਪੁਲਸ ਸਾਨੂੰ ਸਾਰੇ ਪਿਉ-ਪੁੱਤਰਾਂ ਨੂੰ ਫੜ ਕੇ ਲੈ ਜਾਂਦੀ ਹੈ ਮੇਰੇ ਬਾਪ ਨੂੰ ਵੀ ਨਹੀਂ ਬਖਸ਼ਿਆ ਗਿਆ। ਉਸਦੀ ਉਮਰ 90 ਸਾਲ ਦੀ ਹੈ। ਉਸਨੂੰ ਵੀ ਫੜ ਕੇ ਲੈ ਗਏ। ਜਦੋਂ 9 ਜਨਵਰੀ ਨੂੰ ਪੁਲਸ ਸਾਨੂੰ ਫੜਨ ਆਈ ਤਾਂ ਉਹਨਾਂ ਨੇ ਮੇਰੇ ਬਜ਼ੁਰਗ ਬਾਪ ਨੂੰ ਵੀ ਛਿੱਤਰਾਂ ਨਾਲ ਕੁਟਿਆ।

ਕੀ ਅਸੀਂ ਤੁਹਾਡੇ ਪਿਊ ਨੂੰ ਮਿਲ ਸਕਦੇ ਹਾਂ ?

ਮੋਤਾ ਸਿੰਘ ਨੂੰ ਦੋ ਬੰਦੇ ਸਹਾਰਾ ਦੇ ਕੇ ਬਾਹਰ ਸਾਡੇ ਕੋਲ ਲਿਆਏ।

ਪਾਲ ਸਿੰਘ ਨੇ ਆਪਣੀ ਹੱਡ-ਬੀਤੀ ਜਾਰੀ ਰੱਖੀ। ਗੋਬਿੰਦ ਰਾਮ ਨੇ ਕਿਹਾ ਕਿ ਜੇ ਤੁਸੀਂ ਸਾਡੇ ਨਾਲ ਮਿਲਕੇ ਨਾ ਚੱਲੇ ਤਾਂ ਤਿੰਨਾਂ ਹੀ ਪੁੱਤਰ ਨੂੰ ਖਤਮ ਕਰ ਦਿੱਤਾ ਜਾਵੇਗਾ। ਸਾਨੂੰ ਪਤਾ ਹੈ ਕਿ ਗੋਬਿੰਦ ਰਾਮ ਜੋ ਕਹਿੰਦਾ ਹੈ ਉਸਨੂੰ ਪੂਰਾ ਕਰਕੇ ਹੀ ਹੱਟਦਾ ਹੈ। ਸੋ ਮੈਂ ਆਪਣੇ ਪੁੱਤਰਾਂ ਦੀ ਜਮਾਨਤ ਕੈਂਸਲ ਕਰਵਾ ਦਿੱਤੀ ਹੈ ਅਤੇ ਉਹਨਾਂ ਨੂੰ ਵਾਪਸ ਜ਼ੇਲ੍ਹ ਭੇਜ ਦਿੱਤਾ ਹੈ।

ਹੁਣ ਤੁਹਾਡੀ ਅਤੇ ਤੁਹਾਡੇ ਬਾਪ ਦੀ ਕੌਣ ਦੇਖ-ਭਾਲ ਕਰੇਗਾ ?

'ਵਾਹਿਗੁਰੂ' ਪਾਲ ਸਿੰਘ ਦਾ ਜਵਾਬ ਸੀ।

ਅਸੀਂ ਵਾਪਸ ਸਾਰਚੂਰ ਆ ਗਏ। ਸਾਡਾ ਅਧਿਆਪਕ ਸਾਨੂੰ ਇਕ ਹੋਰ ਘਰ ਲੈ ਗਿਆ। ਇਕ ਚਿੱਟੀ ਦਾੜ੍ਹੀ, ਛੋਟੀਆਂ ਛੋਟੀਆਂ ਅੱਖਾਂ, ਝੁਰੜੀਆਂ ਵਾਲੇ ਚਿਹਰੇ ਵਾਲਾ ਬਜ਼ੁਰਗ ਆਦਮੀ ਮੰਜੇ 'ਤੇ ਬੈਠਾ ਸੀ। ਉਸਨੇ ਬੜੀਆਂ ਸਾਫ-ਸਾਫ ਅਤੇ ਸ਼ਾਂਤੀ ਨਾਲ ਗੱਲਾਂ ਕੀਤੀਆਂ। ਏਂਵੇਂ ਲੱਗਦਾ ਸੀ ਜਿਵੇਂ ਸ਼ਬਦ ਉਸਦੇ ਅੰਦਰੋਂ ਨਿਕਲਦੇ ਹੋਣ।

ਅਸਾਂ ਉਸਨੂੰ ਪੁੱਛਿਆ, ''ਗੋਬਿੰਦ ਰਾਮ ਇਸ ਤਰ੍ਹਾਂ ਕਿਉਂ ਕਰ ਰਿਹਾ ਹੈ? ਕੀ ਉਹ ਸਮਝਦਾ ਹੈ ਕਿ ਇਥੇ ਦਹਿਸ਼ਤਪਸੰਦ ਲੁਕੇ ਹੋਏ ਹਨ ? ਕੀ ਉਸਨੂੰ ਕਿਸੇ ਖਾਸ ਬੰਦੇ 'ਤੇ ਸ਼ੱਕ ਹੈ? ਉਹ ਤੁਹਾਡੇ ਕੋਲੋਂ ਕੀ ਕਰਵਾਉਣਾ ਚਾਹੁੰਦਾ ਹੈ ?

ਬਜ਼ੁਰਗ ਨੇ ਵਿਸਥਾਰ ਵਿਚ ਦੱਸਿਆ, ''ਸਾਡੇ ਪਿੰਡ 'ਤੇ ਪੁਲਸ ਨੇ ਕਈ ਰੇਡ ਕੀਤੇ ਹਨ। ਹਰ ਘਰ ਦੀ ਕਈ ਵਾਰ ਤਲਾਸ਼ੀ ਲਈ ਗਈ ਹੈ। ਕਦੀ ਕੁਝ ਨਹੀਂ ਮਿਲਿਆ। ਕਦੀ ਕੋਈ ਖਾੜਕੂ ਨਹੀਂ ਫੜਿਆ ਗਿਆ। ਸਾਨੂੰ ਪਤਾ ਨਹੀਂ ਲਗਦਾ ਉਹ ਸਾਨੂੰ ਕਿਉਂ ਡਰਾ ਰਿਹਾ ਹੈ। ਇਸ ਪਿੰਡ ਵਿਚ ਅਸੀਂ ਬਹੁਤੇ ਅੰਮ੍ਰਿਤਧਾਰੀ ਹਾਂ। ਸ਼ਾਇਦ ਉਹ ਸੋਚਦਾ ਹੋਵੇ ਕਿ ਅਸੀਂ ਦੁਸ਼ਮਣ ਹਾਂ। ਸ਼ਾਇਦ ਉਹ ਸਾਨੂੰ ਦੁਸ਼ਮਣ ਬਨਾਉਣਾ ਚਾਹੁੰਦਾ ਹੈ। ਕਿਉਂਕਿ ਨੌਜਵਾਨ ਕਿੰਨਾ ਕੁ ਚਿਰ ਇਹਨਾਂ ਅਤਿਆਚਾਰਾਂ ਅਤੇ ਅਪਮਾਨਾਂ ਨੂੰ ਜਰ ਸਕਦੇ ਹਨ। ਗੁਰਦਵਾਰੇ ਦੇ ਗਰੰਥੀ ਅਵਤਾਰ ਸਿੰਘ ਦਾ ਹੀ ਕੇਸ ਲਓ। ਜੇ ਮੈਂ ਤੁਹਾਨੂੰ ਦੱਸਾ ਕਿ ਕਿਵੇਂ ਉਸ 'ਤੇ ਅਤੇ ਉਸਦੀ ਪਤਨੀ 'ਤੇ ਬਿਨਾਂ ਕਿਸੇ ਕਸੂਰ ਦੇ ਤਸ਼ੱਦਦ ਕੀਤਾ ਗਿਆ ਤਾਂ ਸ਼ਾਇਦ ਤੁਸੀਂ ਇਤਬਾਰ ਨਾ ਕਰੋ।

ਅਸੀਂ ਕਿਹਾ ਕਿ ਅਸੀਂ ਆਪ ਉਹਨਾਂ ਨਾਲ ਗੱਲ ਕਰਨੀ ਚਾਹੁੰਦੇ ਹਾਂ। ਉਸ ਨੇ ਸਾਡੇ ਨਾਲ ਇਕ ਆਦਮੀ ਘੱਲ ਦਿੱਤਾ ਜੋ ਸਾਨੂੰ ਅਵਤਾਰ ਸਿੰਘ ਦੇ ਘਰ ਲੈ ਗਿਆ।

ਕੁਝ ਮੁਢਲੀਆਂ ਗੱਲਾਂ ਤੋਂ ਬਾਅਦ ਉਸਨੇ ਆਪਣੀ ਪੂਰੀ ਕਹਾਣੀ ਸੁਣਾਈ। ਮਈ ਜਾਂ ਜੂਨ ਦੀ ਗੱਲ ਹੈ, ਕੁਝ ਹਥਿਆਰਬੰਦ ਮੁੰਡੇ ਸਾਡੇ ਘਰ ਆਏ। ਉਹ ਰੋਟੀ ਖਾਣੀ ਚਾਹੁੰਦੇ ਸਨ ਅਤੇ ਮੈਨੂੰ ਜਬਰਦਸਤੀ ਗੁਰਦਵਾਰੇ ਲੈ ਗਏ। ਮੈਨੂੰ ਨਹੀਂ ਪਤਾ ਉਹ ਕੌਣ ਸਨ? ਇਕ ਗੱਲ ਸਾਫ ਸੀ, ਉਹ ਭਗੌੜੇ ਸਨ। ਪਹਿਲਾਂ ਬੀ. ਐਸ. ਐਫ ਵਾਲੇ ਵੀ ਮੇਰੇ ਕੋਲੋਂ ਜਬਰੀ ਰੋਟੀ ਖਾਕੇ, ਚਾਹ ਪੀ ਕੇ ਅਤੇ ਸੌਣ ਲਈ ਬਿਸਤਰੇ ਲੈ ਕੇ ਜਾਂਦੇ ਰਹੇ ਹਨ। ਜਿਹਨਾਂ ਨੇ ਮੇਰੇ ਕੋਲੋਂ ਰੋਟੀ ਖਾਦੀ ਸੀ, ਉਹਨਾਂ ਵਿਚੋਂ ਇਕ ਜਣਾ ਫੜਿਆ ਗਿਆ ਤਫਤੀਸ਼ ਵਿਚ ਉਸਨੇ ਦੱਸ ਦਿੱਤਾ ਕਿ ਉਹ ਮੇਰੇ ਕੋਲੋਂ ਗੁਰਦਵਾਰਿਓਂ ਰੋਟੀ ਖਾ ਕੇ ਗਏ ਸਨ। ਪੁਲਸ ਮੈਨੂੰ ਫੜਨ ਆ ਗਈ।

ਕਦੋਂ ਕੁ ਦੀ ਗੱਲ ਹੈ?

ਚਾਰ ਜਾਂ ਪੰਜ ਅਕਤੂਬਰ ਦੀ ਹੋਵੇਗੀ? ਮੈਂ ਹੜ੍ਹ-ਪੀੜਤਾਂ ਲਈ ਲੰਗਰ ਲੈ ਕੇ ਗਿਆ ਹੋਇਆ ਸਾਂ। ਜਦੋਂ ਪੁਲਸ ਆਈ, ਮੇਰੀ ਪਤਨੀ ਅਮਰਜੀਤ ਕੌਰ ਅਤੇ ਮਾਂ ਗੁਰਮੀਤ ਕੌਰ ਹੀ ਘਰ ਸਨ। ਮਾਂ ਦੀ ਉਮਰ ਕੋਈ 85 ਕੁ ਸਾਲ ਹੈ, ਪੁਲਸ ਵਾਲਿਆਂ ਮੇਰਾ ਘਰ ਭੰਨ ਸੁਟਿਆ। ਦੋ ਕੰਧਾਂ ਢਾਹ ਦਿਤੀਆਂ, ਦੋ ਸਾਈਕਲਾਂ ਸਮੇਤ ਸਾਰਾ ਸਮਾਨ ਚੁੱਕ ਕੇ ਲੈ ਗਏ। ਮੇਰੀ ਪਤਨੀ ਨੂੰ ਹਿਰਾਸਤ ਵਿਚ ਲੈ ਲਿਆ।

ਅਵਤਾਰ ਸਿੰਘ ਦੀ ਪਤਨੀ ਅਮਰਜੀਤ ਕੌਰ ਸਾਡੇ ਨੇੜੇ ਹੀ ਬੈਠੀ ਸੀ। ਅਸਾਂ ਉਸਨੂੰ ਬੇਨਤੀ ਕੀਤੀ ਕਿ ਉਹ ਆਪ ਦੱਸੇ ਕਿ ਪੁਲਸ ਹਿਰਾਸਤ ਵਿਚ ਉਸ ਨਾਲ ਕੀ ਬੀਤੀ ਅਸਾਂ ਪੁੱਛਿਆ 'ਜਦੋਂ ਤੁਹਾਨੂੰ ਗਰਿਫਤਾਰ ਕੀਤਾ ਗਿਆ, ਕੀ ਉਦੋਂ ਜਨਾਨਾ ਪੁਲਸ ਵੀ ਨਾਲ ਸੀ?'

'ਨਹੀਂ, ਸਾਰੇ ਮਰਦ ਹੀ ਸਨ' ਅਮਰਜੀਤ ਕੌਰ ਦਾ ਜਵਾਬ ਸੀ। 'ਥਾਣੇ ਜਾ ਕੇ ਮੈਂ ਦੇਖਿਆ ਕਿ ਉਹ ਮੇਰੇ ਭਰਾ ਅਮਰਜੀਤ ਨੂੰ ਵੀ ਗਰਿਫਤਾਰ ਕਰ ਲਿਆਏ ਹਨ। ਮੇਰਾ ਪੇਕਾ ਪਿੰਡ ਗੁਰਦਾਸਪੁਰ ਜ਼ਿਲੇ ਦੇ ਹੀ ਕਲਾਨੌਰ ਕਸਬੇ ਦੇ ਨੇੜੇ ਹੈ। ਪੁਲਸ ਨੇ ਮੇਰੇ ਭਰਾ ਨੂੰ ਹੀ ਮੈਨੂੰ ਕੁੱਟਣ ਲਈ ਮਜਬੂਰ ਕੀਤਾ ਅਤੇ......।' ਏਨੇ ਸ਼ਬਦ ਕਹਿੰਦਿਆਂ ਹੀ ਉਸਦੀ ਜਬਾਨ ਥਿੜਕ ਗਈ ਅਤੇ ਉਸਦੀਆਂ ਅੱਖਾਂ ਵਿਚੋਂ ਪਰਲ ਪਰਲ ਹੰਝੂ ਵਹਿ ਤੁਰੇ। ਕੁਝ ਚਿਰ ਰੁਕਣ ਤੋਂ ਬਾਅਦ, ਮੁੜ ਸੰਭਲ ਕੇ ਉਹ ਗੱਲ ਅੱਗੇ ਤੋਰ ਸਕੀ। ''ਅਠਾਰਾਂ ਦਿਨ ਮੇਰੇ 'ਤੇ ਬੇਤਹਾਸ਼ਾ ਜਬਰ ਢਾਇਆ ਗਿਆ। ਉਹ ਮੇਰੇ ਹੱਥ ਪਿਛੇ ਬੰਨ ਦਿੰਦੇ। ਮੇਰਿਆਂ ਪੱਟਾਂ 'ਤੇ ਲੱਕੜ ਦਾ ਇਕ ਘੋਟਣਾ ਰੱਖ ਕੇ ਕੁਝ ਸਿਪਾਹੀ ਉਪਰ ਚੜ੍ਹ ਜਾਂਦੇ। ਅਤੇ ਬਾਕੀ ਦੇ ਉਸਨੂੰ ਮੇਰੀਆਂ ਲੱਤਾਂ ਉਪਰ ਫੇਰਦੇ।''

ਅਵਤਾਰ ਸਿੰਘ ਨੇ ਕਿਹਾ ਘੋਟਣਿਆਂ ਨਾਲ ਅਮਰਜੀਤ ਕੌਰ ਦੀਆਂ ਲੱਤਾਂ 'ਤੇ ਹੋਏ ਜ਼ਖਮਾਂ ਨੂੰ ਵੀ ਦੇਖੋ। ਅਸੀਂ ਦੇਖਿਆ, ਥਾਂ ਥਾਂ ਤੋਂ ਮਾਸ ਟੁੱਟਿਆ ਪਿਆ ਸੀ।

'ਤੁਹਾਨੂੰ ਕਿਹੜੇ ਥਾਣੇ ਵਿਚ ਰਖਿਆ ਗਿਆ' ਅਸਾਂ ਅਮਰਜੀਤ ਕੌਰ ਨੂੰ ਪੁੱਛਿਆ।

'ਬਟਾਲੇ ਦੇ ਸਦਰ ਥਾਣੇ ਵਿਚ, ਮੇਰੇ ਪਤੀ ਮੈਨੂੰ ਛੁਡਵਾਉਣ ਆਏ ਉਹਨਾਂ ਨੂੰ ਵੀ ਹਿਰਾਸਤ ਵਿਚ ਲੈ ਲਿਆ ਗਿਆ। 'ਅਸਾਂ ਮੁੜ ਅਵਤਾਰ ਸਿੰਘ ਵੱਲ ਧਿਆਨ ਕੀਤਾ। ਉਸਨੇ ਦੱਸਣਾ ਸ਼ੁਰੂ ਕੀਤਾ।

'ਮੇਰੇ 'ਤੇ ਤੀਹ ਦਿਨ ਤਸ਼ੱਦਦ ਕੀਤਾ ਗਿਆ। ਮੇਰੇ ਕੋਲੋਂ ਬਹੁਤੀ ਵਾਰ ਰਾਤ ਨੂੰ ਪੁੱਛ-ਗਿਛ ਕੀਤੀ ਜਾਂਦੀ ਰਹੀ। ਉਹ ਮੇਰੀਆਂ ਲੱਤਾਂ ਅਤੇ ਬਾਹਾਂ ਨੂੰ ਪਿਛੇ ਬੰਨ ਦਿੰਦੇ ਬਾਹਾਂ ਦੇ ਹੇਠੋਂ ਦੀ ਇਕ ਲੋਹੇ ਦਾ ਸਰੀਆ ਲੰਘਾ ਕੇ ਉਸ ਨਾਲ ਇਕ ਰੱਸਾ ਬੰਨਕੇ, ਰੱਸੇ ਨੂੰ ਛੱਤ 'ਤੇ ਲੱਗੀ ਇਕ ਹੁਕ ਵਿਚੋਂ ਲੰਘਾਕੇ ਮੈਨੂੰ ਉਤਾਂਹ ਨੂੰ ਖਿਚ ਦੇਂਦੇ, ਇਸ ਤਰ੍ਹਾਂ ਮੈਨੂੰ ਛੱਤ ਤੋਂ ਲਟਕਾਕੇ ਬੈਂਤਾਂ ਨਾਲ ਮਾਰਿਆ ਜਾਂਦਾ, ਮੈਨੂੰ ਬਿਜਲੀ ਦੇ ਸ਼ਾਟ ਵੀ ਲਾਏ ਗਏ। ਇਕ ਤਾਰ ਮੇਰੇ ਗੁਪਤ ਅੰਗ ਨਾਲ ਲਾ ਦੇਂਦੇ, ਮੇਰੀਆਂ ਲੱਤਾਂ 'ਤੇ ਰੋਲਰ ਵੀ ਫੇਰੇ ਗਏ ਜਿਸ ਤਰ੍ਹਾਂ ਮੇਰੀ ਪਤਨੀ ਦੇ ਫੇਰੇ ਗਏ ਸਨ ਉਹਨਾਂ ਮੈਨੂੰ ਲੱਤਾਂ ਤੋਂ ਫੜਕੇ ਖਿਚ ਦਿਤਾ ਜ਼ਿਸ ਨਾਲ ਮੇਰੇ ਚੱਡੇ ਪਾਟ ਗਏ।

'ਕੀ ਤੁਸੀਂ ਮੇਰੇ ਜਖਮ ਵੇਖਣੇ ਚਾਹੁੰਦੇ ਹੋ?' ਅਵਤਾਰ ਸਿੰਘ ਨੇ ਪੁੱਛਿਆ। ਨਹੀਂ, ਨਹੀਂ। ਤੁਸੀਂ ਸਾਨੂੰ ਇਹ ਦੱਸੋ ਕਿ ਉਹ ਤੁਹਾਡੇ ਕੋਲੋਂ ਕੀ ਪੁਛਣਾ ਚਾਹੁੰਦੇ ਸਨ। ਉਹ ਮੇਰੇ ਤੋਂ ਦਹਿਸ਼ਤ ਪਸੰਦਾਂ ਬਾਰੇ ਪੁਛਣਾ ਚਾਹੁੰਦੇ ਸਨ। ਮੈਂ ਉਹਨਾਂ ਦੇ ਹਥਿਆਰ ਕਿਥੇ ਲੁਕਾਏ ਹੋਏ ਹਨ? ਉਹ ਮੈਨੂੰ ਕਹਿੰਦੇ ਕਿ ਜਦੋਂ ਉਹ ਮੇਰੇ ਕੋਲੋਂ ਰੋਟੀ ਖਾਣ ਆਏ ਸੀ ਤਾਂ ਮੈਂ ਉਹਨਾਂ ਨੂੰ ਗਲੋਂ ਫੜਕੇ ਪੁਲਸ ਨੂੰ ਕਿਉਂ ਨਾ ਫੜਾਇਆ? ਉਹਨਾਂ ਦੀ ਰੋਟੀ ਵਿਚ ਜ਼ਹਿਰ ਕਿਉਂ ਨਾ ਮਿਲਾ ਦਿਤੀ?

ਤੁਸਾਂ ਕੀ ਜਵਾਬ ਦਿਤੇ?

ਮੈਂ ਉਹਨਾਂ ਨੂੰ ਕਿਵੇਂ ਫੜ ਸਕਦਾ ਸੀ ਜਦੋਂ ਕਿ ਉਹ ਸਿਰ ਤੋਂ ਪੈਰਾਂ ਤਕ ਹਥਿਆਰਾਂ ਨਾਲ ਲੈਸ ਸਨ। ਮੈਂ ਉਨ੍ਹਾਂ ਦੀ ਰੋਟੀ ਵਿਚ ਜਹਿਰ ਕਿਵੇਂ ਮਿਲਾ ਸਕਦਾ ਸਾਂ ਜਦੋਂ ਉਹ ਮੇਰੇ ਸਿਰ 'ਤੇ ਹੀ ਖੜੇ ਸਨ। ਨਾਲੇ ਮੈਂ ਆਪਣੇ ਕੋਲ ਗੁਰਦਵਾਰੇ ਵਿਚ ਪਕਾਏ ਜਾਂਦੇ ਲੰਗਰ ਵਿਚ ਰਲਾਉਣ ਵਾਸਤੇ ਜਹਿਰ ਨਹੀਂ ਰੱਖਦਾ। ਪਰ ਤੁਸਾਂ ਬਾਅਦ ਵਿਚ ਵੀ

ਪੁਲਸ ਨੂੰ ਕਿਉਂ ਨਾ ਦਸਿਆ ਕਿ ਦਹਿਸ਼ਤਪਸੰਦ ਗੁਰਦਵਾਰੇ ਰੋਟੀ ਖਾਣ ਆਏ ਸੀ ?

ਇਸ ਕਰਕੇ ਕਿ ਮੈਨੂੰ ਪਤਾ ਸੀ ਜਦੋਂ ਦਹਿਸ਼ਤਪਸੰਦ ਮੇਰੇ ਪਰਿਵਾਰ ਦਾ ਹੀ ਸਫਾਇਆ ਕਰਨ ਆ ਪਏ ਤਾਂ ਕਿਸੇ ਪੁਲਸ ਨੇ ਸਾਨੂੰ ਨਹੀਂ ਬਚਾਉਣਾ। ਪੁਲਸ ਤਾਂ ਸਿਰਫ ਮਾਸੂਮ ਅਤੇ ਮਜਬੂਰ ਲੋਕਾਂ 'ਤੇ ਹੀ ਤਸ਼ੱਦਦ ਕਰਨ ਲਈ ਹੈ, ਦਹਿਸ਼ਤਪਸੰਦਾਂ ਦਾ ਮੁਕਾਬਲਾ ਕਰਨ ਲਈ ਨਹੀਂ । ਪੂਰੇ ਤੀਹ ਦਿਨ ਮੇਰੇ 'ਤੇ ਤਸ਼ੱਦਦ ਕਰਨ ਤੋਂ ਬਾਅਦ ਮੈਨੂੰ ਛੱਡ ਦਿਤਾ ਗਿਆ ਕਿਉਂਕਿ ਮੇਰਾ ਕੋਈ ਵੀ ਕਸੂਰ ਨਹੀਂ ਸੀ। ਪਰ ਉਹ ਮੈਨੂੰ ਫਿਰ ਗਰਿਫਤਾਰ ਕਰਨ ਲਈ ਆ ਗਏ। ਅਤੇ ਹੁਣ ਤਾਂ ਅਕਸਰ ਹੀ ਆਉਂਦੇ ਰਹਿੰਦੇ ਹਨ। ਕਈ ਪੁਲਸੀਏ ਤਾਂ ਮੈਨੂੰ ਹੁਣ ਊਂਹੀ ਜਾਨਣ ਲੱਗ ਪਏ ਹਨ। ਉਹ ਦਸਦੇ ਹਨ ਕਿ ਉਹ ਵੀ ਮਜਬੂਰ ਹਨ।

ਐਸ. ਐਸ. ਪੀ. ਦਾ ਹੁਕਮ ਹੈ ਕਿ ਥਾਣੇ ਭਰ ਕੇ ਰੱਖੋ। ਉਹ ਚਾਹੁੰਦਾ ਹੈ ਕਿ ਜਦੋਂ ਉਹ ਇੰਸਪੈਕਸ਼ਨ ਲਈ ਆਏ, ਥਾਣੇ ਭਰੇ ਹੋਣ। ਪਰ ਮੇਰੇ ਲਈ ਬਾਰ ਬਾਰ ਥਾਣੇ ਜਾਣਾ ਅਸਹਿ ਹੁੰਦਾ ਜਾ ਰਿਹਾ ਹੈ। 9 ਜਨਵਰੀ ਦੀ ਗੱਲ ਹੈ ਮੈਂ ਫਤਿਹਗੜ੍ਹ ਚੂੜੀਆਂ ਦੇ ਥਾਣੇ ਵਿਚ ਇਕ ਰਾਤ ਕੱਟਕੇ ਆਇਆ ਹੀ ਸੀ। ਘੰਟਾ ਵੀ ਨਹੀਂ ਸੀ ਹੋਇਆ ਕਿ ਐਸ. ਪੀ. ਹੈਡਕੁਆਟਰਜ, ਸ਼ਾਇਦ ਉਸ ਦਾ ਨਾਂਅ ਅਨਿਲ ਕੁਮਾਰ ਸ਼ਰਮਾਂ ਸੀ, ਮੈਨੂੰ ਫਿਰ ਲੈਣ ਆ ਗਿਆ। ਉਹ ਮੈਨੂੰ ਬੀ. ਐਸ. ਐਫ. ਦੇ ਅਲੋਵਾਲ ਵਾਲੇ ਇੰਟੈਰੋਗੇਸ਼ਨ ਸੈਂਟਰ ਲੈ ਗਿਆ। ਮੇਰੇ 'ਤੇ ਫਿਰ ਆਮ ਵਾਂਗ ਤਸ਼ੱਦਦ ਕੀਤਾ ਗਿਆ। ਉਹਨਾਂ ਮੈਨੂੰ ਬਾਰਾਂ ਦਿਨਾਂ ਬਾਅਦ ਛੱਡਿਆ। ਹੁਣ ਮੈਂ ਘਰ ਨਹੀਂ ਸੌਂਦਾ। ਕੱਲ ਰਾਤੀ ਵੀ ਪੁਲਸ ਆਈ ਸੀ। ਮੇਰੀ ਮਾਂ ਹੀ ਘਰ ਸੀ। ਉਹ ਦੁੱਧ ਦੀ ਇਕ ਬਾਲਟੀ ਨੂੰ ਠੁਡ ਮਾਰਕੇ ਰੋੜ੍ਹ ਗਏ। ਦਿਨੇ ਵੀ ਮੈਂ ਇਕ ਲੜਕੇ ਨੂੰ ਛੱਤ 'ਤੇ ਚੜ੍ਹਾ ਰੱਖਦਾ ਹਾਂ ਤਾਂ ਕਿ ਉਹ ਵੇਖਦਾ ਰਹੇ ਕਿ ਕਿਤੇ ਪੁਲਸ ਤਾਂ ਨਹੀਂ ਆਉਂਦੀ। ਮੇਰੇ ਕੋਲੋਂ ਹੁਣ ਹੋਰ ਤਸ਼ੱਦਦ ਝੱਲਿਆ ਨਹੀਂ ਜਾਂਦਾ। ਮੈਂ ਦੌੜ ਜਾਵਾਂਗਾ'' ਇਹ ਕਹਿੰਦਿਆਂ ਉਹ ਹੌਕੇ ਲੈਣ ਲੱਗ ਪਿਆ।

ਅਸੀਂ ਵਾਪਸ ਉਸੇ ਬਜ਼ੁਰਗ ਦੇ ਘਰ ਚਲੇ ਗਏ ਜਿਸਨੇ ਸਾਨੂੰ ਅਵਤਾਰ ਸਿੰਘ ਦੇ ਘਰ ਭੇਜਿਆ ਸੀ। ਉਹਦੇ ਪੋਤਰੇ ਨੇ ਕਿਨੇ ਹੀ ਮੁੰਡਿਆਂ ਨੂੰ ਇੱਕਠੇ ਕਰ ਕੇ ਲੈ ਆਂਦਾ ਇਹਨਾਂ ਸਾਰਿਆਂ ਨੂੰ 10 ਜਨਵਰੀ ਨੂੰ ਕੁਟਾਪਾ ਚਾੜ੍ਹਿਆ ਗਿਆ ਸੀ। ਅਸੀਂ ਦੇਖਿਆ ਕਿ ਉਹਨਾਂ ਦੇ ਪੈਰਾਂ ਅਤੇ ਗਿੱਟਿਆਂ 'ਤੇ ਅਜੇ ਵੀ ਸੱਟਾਂ ਦੇ ਨਿਸ਼ਾਨ ਸਨ। ਜਦੋਂ ਅਸੀਂ ਅਜੇ ਇਹਨਾਂ ਮੁੰਡਿਆਂ ਨਾਲ ਹੀ ਗੱਲਾਂ ਕਰ ਰਹੇ ਸਾਂ ਤਾਂ ਇਕ 50ਵਿਆਂ ਕੁ ਨੂੰ ਢੁੱਕਾ ਵਿਅਕਤੀ ਪਹੁੰਚ ਗਿਆ। ਉਹ ਬਜ਼ੁਰਗ ਦਾ ਪੁੱਤਰ ਸੀ। ਉਹ ਵੀ ਗੱਲਬਾਤ ਵਿਚ ਸ਼ਾਮਲ ਹੋ ਗਿਆ। ਉਸਨੇ ਦੱਸਿਆ :

ਪੰਚਾਇਤ ਨੇ ਐਸ. ਐਸ. ਪੀ. ਨੂੰ ਕਿਹਾ ਸੀ ਕਿ ਅਸੀਂ ਮਦਦ ਕਰਨ ਨੂੰ ਤਿਆਰ ਹਾਂ ਪਰ ਪੁਲਸ ਮਾਸੂਮ ਲੋਕਾਂ 'ਤੇ ਅਤਿਆਚਾਰ ਕਰਨੇ ਤਾਂ ਬੰਦ ਕਰੇ। ਉਹ ਜਿਵੇਂ ਵੀ ਚਾਹੁਣ ਅਸੀਂ ਮਿਲਵਰਤਣ ਕਰਾਂਗੇ। ਜੇ ਪੁਲਸ ਕੋਲ ਸਬੂਤ ਹੈ ਕਿ ਕੋਈ ਜਣਾ ਦਹਿਸ਼ਤਪਸੰਦ ਹੈ ਜਾਂ ਕਿਸੇ ਕੋਲ ਗੈਰ-ਕਾਨੂੰਨੀ ਹਥਿਆਰ ਹਨ, ਤਾਂ ਉਹ ਉਸਨੂੰ ਲਿਜਾ ਸਕਦੀ ਹੈ। ਜੇ ਉਹ ਕਿਸੇ ਕੋਲੋਂ ਪੁੱਛ-ਪੜਤਾਲ ਕਰਨਾ ਚਾਹੁੰਦੇ ਹਨ ਤਾਂ ਪੰਚਾਇਤ ਨੂੰ ਦੱਸ ਦੇਣ.ਉਹ ਆਪੇ ਹੀਉਸਨੂੰ ਥਾਣੇ ਲੈ ਆਵੇਗੀ। ਮੈਂ ਗੋਬਿੰਦ ਰਾਮ ਨੂੰ ਇਹ ਵੀ ਕਿਹਾ ਸੀ ਕਿ ਜੇ ਉਹ ਚਾਹੁੰਦਾ ਹੈ ਕਿ ਅਸੀਂ ਆਪਣੇ ਮੁੰਡਿਆਂ ਨੂੰ ਕਿਸੇ ਹੋਰ ਸੂਬੇ ਵਿਚ ਆਪਣੇ ਰਿਸ਼ਤੇਦਾਰਾਂ ਕੋਲ ਭੇਜ ਦੇਈਏ ਤਾਂ ਅਸੀਂ ਇਹ ਵੀ ਕਰਨ ਨੂੰ ਤਿਆਰ ਹਾਂ। ਅਸੀਂ ਉਸਨੂੰ ਦਸ ਦਿਆਂਗੇ ਕਿ ਕਿਹੜੇ ਮੁੰਡੇ ਨੂੰ ਕਿਥੇ ਭੇਜਿਆ ਹੈ ਅਤੇ ਉਹ ਉਥੇ ਜਾਕੇ ਕੀ ਕੰਮ ਕਰਨ ਲੱਗ ਪਿਆ ਹੈ ਤਾਂ ਕਿ ਉਹ ਆਪ ਧਿਆਨ ਰੱਖ ਸਕੇ। ਗੋਬਿੰਦ ਰਾਮ ਕਹਿੰਦਾ ਕਿ ਇਸਦੀ ਲੋੜ ਨਹੀਂ। ਪਰ ਮੈਂ ਅਜੇ ਘਰ ਆਇਆ ਹੀ ਸੀ ਕਿ ਪੁਲਸ ਫਿਰ ਮੇਰੇ ਮੁੰਡੇ ਨੂੰ ਫੜਨ ਆ ਗਈ। ਅਸੀਂ ਕਿੰਨਾ ਕੁ ਚਿਰ ਇਹ ਸਹਿਣ ਕਰ ਸਕਦੇ ਹਾਂ ? ਸਿੱਖ ਕਿੰਨਾ ਕੁ ਚਿਰ ਇਸ ਤਰ੍ਹਾਂ ਪੱਤ ਲੁਹਾਉਂਦੇ ਰਹਿਣਗੇ ? ਕਿਸੇ ਨੂੰ ਬਖਸ਼ਿਆ ਨਹੀਂ ਜਾਂਦਾ। ਸਿੱਖ ਹੋਣਾ ਹੀ ਜੁਰਮ ਬਣ ਗਿਆ ਹੈ। ਫੌਜੀ ਨਿਰਮਲ ਸਿੰਘ ਦੀ ਮਿਸਾਲ ਸਾਹਮਣੇ ਹੈ। ਉਹ ਕੁਝ ਦਿਨਾਂ ਲਈ ਛੁੱਟੀ 'ਤੇ ਆਇਆ ਹੋਇਆ ਸੀ। ਦੱਸ ਜਨਵਰੀ ਨੂੰ ਗੋਬਿੰਦ ਰਾਮ ਨੇ ਉਸਨੂੰ ਵੀ ਗਰਿਫਤਾਰ ਕਰ ਲਿਆ ਅਤੇ ਹੋਰਾਂ ਬੰਦਿਆਂ ਨਾਲ ਉਸਨੂੰ ਵੀ ਫੋਕਲ ਪੁਆਇੰਟ 'ਤੇ ਲੈ ਗਿਆ। ਉਸਨੇ ਆਪਣਾ ਕਾਰਡ ਵੀ ਦਿਖਾਇਆ। ਪਰ ਇਸ ਦੇ ਬਾਵਜੂਦ ਵੀ ਉਸਨੂੰ ਹੋਰਾਂ ਵਾਂਗ ਹੀ ਕੁੱਟ ਧਰਿਆ। ਕੀ ਤੁਸੀਂ ਸਮਝਦੇ ਹੋ ਕਿ ਇਹ ਫੌਜੀ ਜੋਸ਼-ਖਰੋਸ਼ ਨਾਲ ਦੇਸ਼ ਦੀ ਰੱਖਿਆ ਕਰੇਗਾ, ਜਿਹੜਾ ਦੇਸ਼ ਉਸ ਨਾਲ ਅਤੇ ਉਸਦੇ ਭਰਾਵਾਂ ਨਾਲ ਗੁਲਾਮਾਂ ਵਰਗਾ ਸਲੂਕ ਕਰਦਾ ਹੈ। ਜੇ ਤੁਹਾਨੂੰ ਮੇਰੇ 'ਤੇ ਵਿਸ਼ਵਾਸ਼ ਨਹੀਂ ਆਉਂਦਾ ਤਾਂ ਤੁਸੀਂ ਆਪ ਉਸਨੂੰ ਖਤ ਲਿਖ ਲਵੋ ਜਾਂ ਉਸਦੇ ਸੀ. ਓ. ਨੂੰ ਲਿਖ ਲਵੋ, ਤੁਹਾਨੂੰ ਸਭ ਕੁਝ ਦਾ ਪਤਾ ਲੱਗ ਜਾਵੇਗਾ। ਮੈਂ ਤੁਹਾਨੂੰ ਉਹਦਾ ਐਡਰੈਸ ਦੇਵਾਂ ?

ਹਾਂ।

ਉਹਦਾ ਐਡਰਸ ਹੈ :

ਸਿਪਾਹੀ ਨਿਰਮਲ ਸਿੰਘ,
ਨੰਬਰ 2479898
HQ COY
PL. MOR. C/o 56 A.P.O. 19 Punjab

ਅਸਾਂ ਉਸਨੂੰ ਸੁਰਜੀਤ ਕੌਰ ਅਤੇ ਉਸਦੇ ਪਿਛੋਕੜ ਬਾਰੇ ਪੁੱਛਿਆ। ਉਹ ਜਿਲੇ ਪੱਧਰ ਦੀ ਅਕਾਲੀ ਲੀਡਰ ਹੈ ਅਤੇ ਪਿਛਲੇ ਪੰਜ ਮਹੀਨਿਆਂ ਤੋਂ ਜੇਲ੍ਹ ਅੰਦਰ ਰੁਲ ਰਹੀ ਹੈ। ਉਸਦਾ ਲੜਕਾ ਪ੍ਰਭਜੋਤ ਸਿੰਘ ਵਲਾਇਤ ਰਹਿੰਦਾ ਹੈ ਅਤੇ ਸਤੰਬਰ ਵਿਚ ਆਪਣੀ ਭੈਣ ਦੇ ਵਿਆਹ ਆਇਆ ਸੀ। ਉਹਨੂੰ ਗਰਿਫਤਾਰ ਕਰ ਲਿਆ ਗਿਆ ਅਤੇ ਆਰਮਜ਼ ਐਕਟ ਅਧੀਨ ਉਸ 'ਤੇ ਕੇਸ ਪਾ ਦਿਤਾ ਗਿਆ। ਉਹ ਅੱਜ ਕੱਲ ਸ੍ਰੀਨਗਰ ਜੇਲ੍ਹ ਵਿਚ ਹੈ। ਸੁਰਜੀਤ ਕੌਰ ਦਾ ਪਤੀ ਸੁਰਿੰਦਰ ਸਿੰਘ ਖੇਤੀ ਕਰਦਾ ਹੈ। ਉਹਨੂੰ ਵੀ ਪੁਲਸ ਅਕਸਰ ਹੀ ਫੜ ਕੇ ਲੈ ਜਾਂਦੀ ਹੈ ਅਤੇ ਬਿਨਾ ਕਿਸੇ ਕਾਰਨ ਉਸ 'ਤੇ ਤਸ਼ੱਦਦ ਕਰਦੀ ਹੈ। ਉਹਨਾਂ ਦੀਆਂ ਦੋਹਾਂ ਜਵਾਨ ਲੜਕੀਆਂ ਮਨਜੀਤ ਕੌਰ (15 ਸਾਲ) ਅਤੇ ਰਜਿੰਦਰ ਕੌਰ (10 ਸਾਲ) ਨੂੰ ਵੀ ਗਰਿਫਤਾਰ ਕਰ ਲਿਆ ਗਿਆ ਅਤੇ ਉਹਨਾਂ 'ਤੇ ਵੀ ਤਸ਼ੱਦਦ ਕੀਤਾ ਗਿਆ।

ਫਿਰ ਅਸੀਂ ਸੁਰਜੀਤ ਕੌਰ ਦੇ ਘਰ ਚਲੇ ਗਏ। ਸੁਰਿੰਦਰ ਸਿੰਘ ਖੇਤਾਂ ਨੂੰ ਗਿਆ ਹੋਇਆ ਸੀ। ਅਸੀਂ ਉਸ-ਦੀਆਂ ਲੜਕੀਆਂ ਨੂੰ ਮਿਲੇ। ਉਹਨਾਂ ਦੀ ਉਮਰ ਅਤੇ ਉਹਨਾਂ ਦੀ ਬੇਵਸੀ ਨੂੰ ਦੇਖਦਿਆਂ ਹੋਇਆਂ ਉਹਨਾਂ ਦੀ ਹਾਲਤ ਬਾਰੇ ਗੱਲ ਕਰਨੀ ਸਾਨੂੰ ਮੁਸ਼ਕਲ ਲੱਗ ਰਹੀ ਸੀ। ਪਰ ਉਹਨਾਂ ਨੇ ਜਵਾਬ ਦੇਂਦਿਆਂ ਕੋਈ ਝਿਜਕ ਨਾ ਦਿਖਾਈ ਭਾਵੇਂ ਉਹਨਾਂ ਨੂੰ ਗੱਲਾਂ ਦਾ ਕੋਈ ਬਹੁਤਾ ਪਤਾ ਨਹੀਂ ਸੀ।

ਤੁਸੀਂ ਕਿਹਦੇ ਕੋਲ ਰਹਿੰਦੀਆਂ ਹੋ ?

ਸਾਡੇ ਪਿਤਾ ਜੀ ਹਨ। ਖੇਤਾਂ ਨੂੰ ਗਏ ਹੋਏ ਹਨ। ਉਹਨਾਂ ਨੂੰ ਬਹੁਤ ਤੰਗ ਕੀਤਾ ਗਿਆ ਹੈ। ਉਹਨਾਂ ਨੂੰ ਘਟੋ ਘੱਟ ਦਸ ਵਾਰੀ ਥਾਣੇ ਲੈ ਕੇ ਗਏ ਹਨ। ਪੁਲਸ ਮੈਨੂੰ ਵੀ ਬਹੁਤ ਤੰਗ ਕਰ ਰਹੀ ਹੈ। ਮੇਰੀ ਭੈਣ ਨੂੰ ਵੀ।

ਪੁਲਸ ਵਾਲੇ ਤੁਹਾਨੂੰ ਕਿਉਂ ਤੰਗ ਕਰਦੇ ਹਨ ?

ਉਹ ਸਾਨੂੰ ਫੜ ਕੇ ਥਾਣੇ ਲੈ ਗਏ ਸਨ।

ਕਿਉਂ ? ਕਦੋਂ ?

ਤਰੀਕ ਤਾਂ ਮੈਨੂੰ ਯਾਦ ਨਹੀਂ ਆ ਰਹੀ। ਮਹੀਨੇ ਕੁ ਦੀ ਗੱਲ ਹੈ।

ਕਿਹੜੇ ਥਾਣੇ ਲੈ ਕੇ ਗਏ ਸੀ ?

ਸਦਰ, ਬਟਾਲੇ।

ਕੀ ਉਹਨਾਂ ਨੇ ਤੁਹਾਨੂੰ ਦੱਸਿਆ ਸੀ ਕਿ ਤੁਹਾਨੂੰ ਕਿਉਂ ਗਰਿਫਤਾਰ ਕੀਤਾ ਜਾ ਰਿਹਾ ਹੈ ?

ਨਹੀਂ। ਸਿਰਫ ਪਿਤਾ ਜੀ ਨੂੰ ਏਨਾ ਕਿਹਾ ਕਿ ਦੋਵਾਂ ਲੜਕੀਆਂ ਨੂੰ ਲਿਜਾ ਰਹੇ ਹਾਂ।

ਪੁਲਸ ਥਾਣੇ ਵਿਚ ਤੁਹਾਡੇ ਨਾਲ ਕਿਵੇਂ ਪੇਸ਼ ਆਈ ? ਬਹੁਤ ਬੁਰੀ ਤਰ੍ਹਾਂ। ਬਹੁਤ ਅਪਮਾਨਜਨਕ ਗੱਲਾਂ ਕੀਤੀਆਂ ਸਾਡੇ ਨਾਲ।

ਇਹ ਕਹਿੰਦਿਆ ਮਨਜੀਤ ਫੁੱਟ ਫੁੱਟ ਕੇ ਰੋਣ ਲੱਗ ਪਈ। ਉਸਦੇ ਅੱਥਰੂ ਹੀ ਉਸਦੀ ਸਾਰੀ ਦਰਦ-ਵਿਥਿਆ ਬਿਆਨ ਕਰ ਰਹੇ ਸਨ।

ਮਨਜੀਤ ਦੀ ਹਾਲਤ ਨੂੰ ਦੇਖਦਿਆਂ, ਉਸ ਨਾਲ ਅਗਾਂਹ ਗੱਲਬਾਤ ਕਰਨੀ ਅਸੰਭਵ ਲਗਦੀ ਸੀ। ਸੋ ਅਸਾਂ ਵਿਸ਼ਾ ਬਦਲ ਦਿਤਾ।

ਤੁਹਾਡੇ ਮਾਤਾ ਜੀ ਦਾ ਕੀ ਹਾਲ ਹੈ ? ਕੀ ਤੁਸੀਂ ਉਹਨਾਂ ਨੂੰ ਜੇਲ੍ਹ ਮਿਲਣ ਗਈਆਂ ਸੋ ?

ਅਸੀਂ ਇਕੱਲੀਆਂ ਕਿਵੇਂ ਜਾ ਸਕਦੀਆਂ ਹਾਂ ? ਪਿਤਾ ਜੀ ਨੂੰ ਖੇਤਾਂ ਦਾ ਧਿਆਨ ਰੱਖਣਾ ਪੈਂਦਾ ਹੈ। ਹਾਂ ਅਸੀਂ ਉਹਨਾਂ ਨੂੰ ਕਚਿਹਰੀ ਦੇਖਿਆ ਸੀ। ਉਹਨਾਂ ਦਾ ਬਹੁਤ ਬੁਰਾ ਹਾਲ ਸੀ। ਪੁਲਸ ਨੇ ਉਹਨਾਂ ਨੂੰ ਬਹੁਤ ਮਾਰਿਆ ਹੈ।

ਤੁਹਾਨੂੰ ਕਿਵੇਂ ਪਤਾ ਲੱਗਿਆ ?

ਮਾਤਾ ਜੀ ਨੇ ਆਪ ਸਾਨੂੰ ਦੱਸਿਆ ਸੀ, ਕਚਿਹਰੀ ਵਿਚ।

ਤੁਸੀਂ ਗੋਬਿੰਦ ਰਾਮ ਦਾ ਨਾਂਅ ਸੁਣਿਆ ਹੈ ?

ਹਾਂ, ਉਸਨੇ ਸਾਰੇ ਪਿੰਡ ਕੋਲੋਂ ਸਾਡੇ ਮਾਤਾ ਜੀ ਨੂੰ ਗਾਲ੍ਹਾਂ ਕੱਢਵਾਈਆਂ। ਸਾਨੂੰ ਵੀ। ਜਦੋਂ ਪੁਲਸ ਵਾਲੇ ਸਾਡੇ ਘਰ ਆਏ ਉਦੋਂ ਵੀ ਉਹਨਾਂ ਨੇ ਬਹੁਤ ਗੰਦ ਬਕਿਆ ਸਾਨੂੰ ਉਸ ਤੋਂ ਬਹੁਤ ਡਰ ਲਗਦਾ ਹੈ। ਹੁਣ ਅਸੀਂ ਤਾਂ ਘਰੋਂ ਬਾਹਰ ਪੈਰ ਪਾਉਣ ਦੀ ਵੀ ਹਿੰਮਤ ਨਹੀਂ ਕਰਦੀਆਂ।

ਸਾਬਕਾ ਫੌਜੀ ਅਫਸਰ ਚਰਨ ਸਿੰਘ, ਜਿਸਨੇ 10 ਜਨਵਰੀ ਨੂੰ ਗੋਬਿੰਦ ਰਾਮ ਵੱਲੋਂ ਸੁਰਜੀਤ ਕੌਰ ਅਤੇ ਉਸਦੀਆਂ ਲੜਕੀਆਂ ਨੂੰ ਕੱਢਵਾਈਆਂ ਗਾਲ੍ਹਾਂ ਦੇ ਖਿਲਾਫ ਰੋਸ ਪ੍ਰਗਟ ਕੀਤਾ ਸੀ, ਸਾਰਚੂਰ ਤੋਂ ਚਾਰ ਕਿਲੋਮੀਟਰ ਦੂਰ ਫਰੌਵਾਲ ਪਿੰਡ ਵਿਚ ਰਹਿੰਦਾ ਹੈ। ਅਸੀਂ ਉਸਨੂੰ ਵੀ ਮਿਲਣ ਗਏ। ਅਸਾਂ ਪੁੱਛਿਆ :

ਤੁਹਾਨੂੰ 10 ਜਨਵਰੀ ਨੂੰ ਕਿਉਂ ਗਰਿਫਤਾਰ ਕਰ ਲਿਆ ਸੀ ?

ਮੇਰੇ ਕੋਲੋਂ ਉਹ ਗੰਦੀਆਂ ਗਾਲ੍ਹਾਂ ਸਹਿਣ ਨਾ ਹੋਈਆਂ,

ਜਿਹੜੀਆਂ ਗੋਬਿੰਦ ਰਾਮ ਪਿੰਡ ਵਾਲਿਆਂ ਨੂੰ ਸੁਰਜੀਤ ਕਰ ਨੂੰ ਦੇਣ ਲਈ ਮਜ਼ਬੂਰ ਕਰ ਰਿਹਾ ਸੀ। ਗੋਬਿੰਦ ਰਾਮ ਨੂੰ ਇਸ 'ਤੇ ਗੁੱਸਾ ਚੜ੍ਹ ਗਿਆ। ਉਹ ਕਹਿਣ ਲੱਗਾ ਕਿ ਮੈਂ ਦਹਿਸ਼ਤਪਸੰਦਾਂ ਦਾ ਗੁਰੂ ਹਾਂ। ਮੈਂ ਕਿਹਾ ਕਿ ਮੈਂ ਦਹਿਸ਼ਤ-ਪਸੰਦਾ ਦਾ ਕੋਈ ਗੁਰੂ-ਗਰੂ ਨਹੀਂ, ਮੈਂ ਤਾਂ ਇਕ ਸਾਬਕਾ ਫੌਜੀ ਹਾਂ ਜਿਸਨੇ ਕੌਮ ਦੀਆਂ ਦੋ ਲੜਾਈਆਂ ਲੜੀਆਂ ਹਨ। ਪਰ ਉਸਨੇ ਸਿਪਾਹੀਆਂ ਨੂੰ ਹੁਕਮ ਕਰ ਦਿੱਤਾ ਕਿ ਇਸਨੂੰ ਫੜ ਲਓ। ਮੈਨੂੰ ਇਕ ਪੁਲਸ ਟਰੱਕ ਵਿਚ ਸੁੱਟ ਦਿਤਾ ਗਿਆ ਅਤੇ ਥਾਣੇ ਲੈ ਗਏ। ਮੈਨੂੰ ਫਤਹਿਗੜ੍ਹ ਚੂੜੀਆਂ ਦੇ ਥਾਣੇ ਵਿਚ ਬੰਦ ਕਰ ਦਿਤਾ। ਇੰਸਪੈਕਟਰ ਮੰਦਰ ਸਿੰਘ ਥਾਣੇ ਦਾ ਇੰਚਾਰਜ ਸੀ। ਮੈਂ ਤਿੰਨ ਦਿਨ ਥਾਣੇ ਵਿਚ ਰਿਹਾ। ਏਨੀ ਜਿਆਦਾ ਠੰਢ ਵਿਚ ਮੇਰੇ ਕੋਲ ਕੋਈ ਕਪੜਾ ਵੀ ਨਹੀਂ ਸੀ। ਨਾ ਰੋਟੀ ਨਾ ਪਾਣੀ। ਮੇਰੀ ਉਮਰ 62 ਸਾਲ ਦੀ ਹੈ। ਉਹਨਾਂ ਨੂੰ ਪਤਾ ਸੀ ਕਿ ਮੈਂ ਸਾਬਕਾ ਫੌਜੀ ਹਾਂ, ਕੋਈ ਚੋਰ ਨਹੀਂ। ਪਰ ਮੈਂ ਇਕ ਸਿੱਖ ਹਾਂ ਜੋ ਸ਼ਾਇਦ ਚੋਰ ਹੋਣ ਨਾਲੋਂ ਵੀ ਵੱਡਾ ਜੁਰਮ ਹੈ।

ਉਸਦੇ ਚਿਹਰੇ 'ਤੇ ਉਦਾਸੀ ਛਾਅ ਗਈ। ਉਸਦੇ ਮੂੰਹ ਵਿਚੋਂ ਨਿਕਲ ਰਹੇ ਸ਼ਬਦ ਇਕ ਦੁਖੀ ਦਿਲ ਦੀ ਅਵਾਜ਼ ਸਨ।

1984 ਵਿਚ ਮੈਂ ਆਪਣੇ ਪਿੰਡ ਦੇ ਇਕ ਸਿਪਾਹੀ ਨੂੰ ਫੌਜ ਦੇ ਹੱਥੋਂ ਮਾਰੇ ਜਾਣ ਤੋਂ ਬਚਾ ਲਿਆ ਸੀ। ਉਦੋਂ ਮੈਨੂੰ ਲੱਗਿਆ ਸੀ ਕਿ ਮੈਂ ਆਪਣਾ ਫਰਜ ਨਿਭਾ ਰਿਹਾ ਹਾਂ।

ਕੀ ਤੁਸੀਂ ਉਸ ਘਟਨਾ ਬਾਰੇ ਵੀ ਕੁਝ ਦੱਸੋਗੇ ?

ਸਾਕਾ ਨੀਲਾ ਤਾਰਾ ਤੋਂ ਬਾਅਦ ਫੌਜ ਦਹਿਸ਼ਤ ਪਸੰਦਾਂ ਨੂੰ ਭਾਲਣ ਲਈ ਪਿੰਡਾਂ ਦਾ ਪੱਤਾ ਪੱਤਾ ਛਾਣ ਰਹੀ ਸੀ। ਮੋਟਰ-ਸਾਈਕਲ ਦੇ ਪਿਛੇ ਬੈਠਣ 'ਤੇ ਪਾਬੰਦੀ ਸੀ। ਸਾਡੇ ਪਿੰਡ ਦਾ ਇਕ ਸਿਪਾਹੀ ਮੁੰਡਾ ਆਪਣੇ ਬਿਮਾਰ ਪਿਓ ਨੂੰ ਮੋਟਰ-ਸਾਇਕਲ ਦੇ ਪਿਛੇ ਬਿਠਾ ਕੇ ਹਸਪਤਾਲ ਲਿਜਾ ਰਿਹਾ ਸੀ। ਨਾਸਿਰਕੇ ਦੇ ਨੇੜੇ ਫੌਜ ਦੀ ਇਕ ਗਸ਼ਤੀ ਟੁਕੜੀ ਨੇ ਉਸਨੂੰ ਰੋਕ ਲਿਆ। ਉਹ ਡਰ ਗਿਆ ਅਤੇ ਮੋਟਰ-ਸਾਈਕਲ ਭਜਾ ਕੇ ਵਾਪਸ ਪਿੰਡ ਆ ਗਿਆ ਅਤੇ ਲੁਕਣ ਦੀ ਕੋਸ਼ਿਸ਼ ਕਰਨ ਲੱਗਾ। ਪਰ ਫੌਜ ਵਾਲਿਆਂ ਨੇ ਉਸਨੂੰ ਲੱਭ ਲਿਆ। ਉਹਨਾਂ ਨੇ ਉਸਨੂੰ ਇਕ ਦਰਖਤ ਨਾਲ ਬੰਨ ਦਿਤਾ ਅਤੇ ਪੁੱਛ-ਗਿਛ ਕਰਨ ਲੱਗੇ। ਉਹ ਏਨਾ ਜਿਆਦਾ ਡਰ ਗਿਆ ਕਿ ਉਸ ਕੋਲੋਂ ਕੋਈ ਗੱਲ ਹੀ ਨਾ ਹੋਵੇ। ਜਦੋਂ ਮੈਂ ਉਥੇ ਪਹੁੰਚਿਆਂ ਤਾਂ ਇਕ ਫੌਜੀ ਨੇ ਉਹਦੇ ਢਿੱਡ ਨਾਲ ਰਾਈਫਲ ਲਾਈ ਹੋਈ ਸੀ। ਇਕ ਸਕਿੰਟ ਦੇ ਵਿਚ ਵਿਚ ਮੈਂ ਸੋਚ ਲਿਆ ਕਿ ਇਸ ਬੰਦੇ ਨੂੰ ਬਚਾਉਣ ਲਈ ਚਾਹੀਦੇ ਹੌਂਸਲੇ ਦੀ ਮੈਨੂੰ ਕੀ ਕੀਮਤ ਤਾਰਨੀ ਪਵੇਗੀ ਮੈਂ ਜੋਰ ਜੋਰ ਦੀ ਫੌਜੀ ਨੂੰ ਕਹਿਣ ਲੱਗਾ ਕਿ ਗੋਲੀ ਨਾ ਚਲਾਵੇ। ਮੈਂ ਉਸਨੂੰ ਬਚਾਉਣ ਲਈ ਆਪਣੀ ਜਾਨ ਖਤਰੇ ਵਿਚ ਪਾ ਲਈ ਸੀ।

ਪਰ ਇਸ ਵਾਰੀ ਜਦੋਂ ਮੈਂ ਇਕ ਇਮਾਨਦਾਰ ਅਤੇ ਧਾਰ-ਮਿਕ ਖਿਆਲਾਂ ਵਾਲੀ ਔਰਤ, ਜੋ ਪਹਿਲਾਂ ਹੀ ਆਪਣੇ ਵਿਸ਼-ਵਾਸ਼ਾਂ ਕਾਰਨ ਜੇਲ ਕੱਟ ਰਹੀ ਹੈ, ਅਤੇ ਉਸਦੀਆਂ ਮਾਸੂਮ ਲੜਕੀਆਂ ਨੂੰ ਐਸ.ਐਸ.ਪੀ. ਵੱਲੋਂ ਸ਼ਰੇਆਮ ਪਬਲਿਕ ਵਿਚ ਬੇਇਜਤ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਮੇਰੇ 'ਤੇ ਦਹਿਸ਼ਤਪਸੰਦਾਂ ਦੇ ਗੁਰੂ ਹੋਣ ਦਾ ਲੇਬਲ ਲਾ ਦਿੱਤਾ ਗਿਆ। ਮੈਨੂੰ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਭੁੱਖਿਆਂ ਮਾਰਿਆ ਗਿਆ। ਹਿੰਦੂ ਮਿਥਿਹਾਸ ਅੰਦਰਲੇ ਬਦੀ ਦੇ ਅਵਤਾਰਾਂ, ਦੁਰਯੋਧਨਾਂ ਅਤੇ ਦੁਸ਼ਾਸਨਾਂ ਨੇ ਵੀ ਅਜਿਹਾ ਨਹੀਂ ਸੀ ਕੀਤਾ ਜੋ ਅੱਜ ਦੇ ਗੋਬਿੰਦ ਰਾਮ ਸਾਡੇ ਲੋਕਾਂ ਨਾਲ ਕਰ ਰਹੇ ਹਨ। ਸ਼ਾਇਦ ਇਸ ਦਾ ਅੰਤ ਇਕ ਹੋਰ ਮਹਾਂਭਾਰਤ ਨਾਲ ਹੋਵੇ।

ਉਹ ਕਿਹੜਾ ਸਿਪਾਹੀ ਸੀ ਜਿਸਨੂੰ ਤੁਸਾਂ 1984 ਵਿਚ ਬਚਾਇਆ ਸੀ ? ਉਸਦਾ ਨਾਂਅ ਮੋਹਨ ਸਿੰਘ ਹੈ। ਉਹ ਅੱਜ ਕੱਲ੍ਹ ਬਟਾਲੇ ਬੱਸ ਸਟੈਂਡ ਦੇ ਲਾਗਲੇ ਥਾਣੇ ਲੱਗਿਆ ਹੋਇਆ ਹੈ। ਇਸੇ ਥਾਣੇ ਵਿਚ ਹੀ ਸੁਰਜੀਤ ਕੌਰ ਦੀਆਂ ਲੜਕੀਆਂ ਨੂੰ ਰੱਖਿਆ ਅਤੇ ਤੰਗ ਕੀਤਾ ਗਿਆ ਸੀ।

ਪੁਲਿਸ ਅਤਿਆਚਾਰਾਂ ਦੀ ਕਹਾਣੀ ਸਰਪੰਚਾਂ ਜ਼ਬਾਨੀ

ਹੇਠਾਂ ਅਸੀਂ ਦਰਜਨ ਤੋਂ ਵੱਧ ਸਰਪੰਚਾਂ ਦੇ ਬਿਆਨ ਛਾਪ ਰਹੇ ਹਾਂ ਜੋ ਬਟਾਲਾ ਪੁਲਸ ਜ਼ਿਲੇ ਅੰਦਰ ਪੁਲਸ ਦੇ ਅੱਤਿਆਚਾਰਾਂ ਨੂੰ ਭਲੀ ਭਾਂਤ ਸਪੱਸ਼ਟ ਕਰ ਦੇਂਦੇ ਹਨ। ਥਾਂ ਦੀ ਕਮੀ ਕਾਰਨ ਇਹਨਾਂ ਸਰਪੰਚਾਂ ਦੇ ਬਿਆਨਾਂ ਨੂੰ ਬਹੁਤ ਹੀ ਸੰਖੇਪ ਰੂਪ ਵਿਚ ਛਾਪਿਆ ਜਾ ਰਿਹਾ ਹੈ। ਇਸ ਜ਼ਿਲੇ ਦੇ ਕਿਸੇ ਵੀ ਪਿੰਡ ਚਲੇ ਜਾਓ, ਕਿਸੇ ਵੀ ਪੰਚ ਜਾਂ ਸਰਪੰਚ ਨਾਲ ਗੱਲ ਕਰ ਲਵੋ, ਜੇ ਉਸ ਨੂੰ ਵਿਸ਼ਵਾਸ਼ ਹੋ ਜਾਵੇ ਕਿ ਤੁਸੀਂ ਸਰਕਾਰੀ ਆਦਮੀ ਨਹੀਂ ਹੋ, ਤਾਂ ਉਹ ਇਕ ਤੋਂ ਬਾਅਦ ਦੂਜੀ ਤੇ ਦੂਜੀ ਤੋਂ ਬਾਅਦ ਤੀਜੀ ਲੂ-ਕੰਡੇ ਖੜੇ ਕਰਨ ਵਾਲੀ ਕਹਾਣੀ ਸੁਣਾਉਣ ਲੱਗ ਪਵੇਗਾ। ਇਹਨਾਂ

ਕਹਾਣੀਆਂ ਤੋਂ ਬਾਅਦ ਇਕ ਗੱਲ ਅਕਸਰ ਸੁਣਨ ਨੂੰ ਮਿਲਦੀ ਹੈ, "ਸਾਡਾ ਨਾਂਅ ਨਾ ਲਿਖਣਾ, ਉਸ ਪਾਗਲ ਦਾ ਕੀ ਪਤਾ।" ਸਰਪੰਚਾਂ ਦੀ ਇਸ ਖ਼ਾਹਿਸ਼ ਨੂੰ ਧਿਆਨ 'ਚ ਰਖਦਿਆਂ ਹੋਇਆਂ ਅਸੀਂ ਹੋਰ ਬਹੁਤ ਸਾਰੇ ਬਿਆਨ ਛਾਪਣ ਤੋਂ ਅਸਮਰੱਥ ਹਾਂ।

ਗਵਰਨਰ ਰੇਅ ਨੇ ਆਪ ਨਿੱਜੀ ਦਿਲਚਸਪੀ ਲੈ ਕੇ ਅਤੇ ਕਈ ਹੋਰ ਉਚ ਅਧਿਕਾਰੀਆਂ ਰਾਹੀਂ ਸਰਪੰਚਾਂ ਨੂੰ ਖ਼ਰੀਦਣ ਦੀਆਂ ਸਿਰਤੋੜ ਕੋਸ਼ਿਸ਼ਾਂ ਕੀਤੀਆਂ ਹਨ। ਪਰ ਇਸ ਦੇ ਬਾਵਜੂਦ ਉਹ ਮੁੱਠੀ ਕੁ ਟੁਕੜਬੋਚਾਂ ਨੂੰ ਹੀ ਨਾਲ ਲੈ ਸਕਿਆ ਹੈ ਜੋ ਕਹਿ ਰਹੇ ਹਨ ਕਿ ਗੋਬਿੰਦ ਰਾਮ ਕੋਈ ਵਧੀਕੀ ਨਹੀਂ ਕਰ ਰਿਹਾ। ਰੇਅ ਨੇ ਅਜਿਹੇ ਸ਼ਖ਼ਸਾਂ ਦੀ ਗਿਣਤੀ 80 ਦੱਸੀ ਹੈ ਪਰ ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਇਹ ਬਹੁਤ ਵੱਡੀ ਗੱਪ ਹੈ ਕਿਉਂਕਿ ਗਵਰਨਰ ਅਜਿਹੇ ਸਰਪੰਚਾਂ ਦੇ ਨਾਂਅ ਦੱਸਣ ਤੋਂ ਟਾਲਾ ਵੱਟ ਰਿਹਾ ਹੈ ਤਾਂ ਕਿ ਉਸਦਾ ਝੂਠ ਫੜ੍ਹਿਆ ਨਾ ਜਾਵੇ।

ਸਰਪੰਚ ਭਜਨ ਸਿੰਘ ਪਿੰਡ ਸਰੂਪਵਾਲੀ

ਪੁਲਸ ਨਿਰਦੋਸ਼ ਲੋਕਾਂ ਨੂੰ ਫੜ ਕੇ ਲੈ ਜਾਂਦੀ ਹੈ ਅਤੇ ਫਿਰ 40, 50 ਹਜ਼ਾਰ ਰੁਪਏ ਤੱਕ ਰਿਸ਼ਵਤ ਲੈ ਕੇ ਛੱਡ ਦਿੰਦੀ ਹੈ। ਇਹ ਰਿਸ਼ਵਤ ਜ਼ਿਲ੍ਹਾ ਪੁਲਸ ਮੁੱਖੀ (ਗੋਬਿੰਦ ਰਾਮ) ਤੱਕ ਵੀ ਜਾਂਦੀ ਹੈ। ਸਰਪੰਚਾਂ ਨੂੰ ਥਾਣੇ ਦੇ ਅੰਦਰ ਨਹੀਂ ਜਾਣ ਦਿੱਤਾ ਅਤੇ ਜਾਂਦਾ ਜੇਕਰ ਕੋਈ ਸਰਪੰਚ ਪੁਲਸ ਵਿਰੁੱਧ ਗੱਲ ਕਰਦਾ ਹੈ ਤਾਂ ਅਗਲੇ ਹੀ ਦਿਨ ਥਾਣੇ ਦੀ ਹਵਾਲਾਤ ਵਿਚ ਬੰਦ ਹੁੰਦਾ ਹੈ। ਪੁਲਸ ਅਫ਼ਸਰਾਂ ਨੂੰ ਕੰਪਿਊਟਰ ਰਾਹੀਂ ਚੈਕ ਕਰਨਾ ਚਾਹੀਦਾ ਹੈ ਤਾਂ ਕਿ ਪਤਾ ਲੱਗ ਸਕੇ ਕਿ ਕਿਸਨੇ ਕਿਨੀ ਰਿਸ਼ਵਤ ਲਈ ਹੈ। ਜੇ ਕੋਈ ਅਜਿਹੀ ਮਸ਼ੀਨ ਹੋਵੇ ਜਿਸ ਨਾਲ ਉਹਨਾਂ ਦੀਆਂ ਜੇਬਾਂ ਵਿਚ ਗਈ ਮਾਇਆ ਬਾਹਰ ਆ ਸਕੇ ਤਾਂ ਢੇਰਾਂ ਦੇ ਢੇਰ ਲੱਗ ਜਾਣ। ਸਾਡੇ ਪਿੰਡ ਲਾਗੇ 500 ਦੇ ਕਰੀਬ ਪੁਲਸੀਆਂ ਨੇ ਇਕ ਥਾਂ ਨੂੰ ਘੇਰ ਲਿਆ। ਜੀਪ ਵਿਚੋਂ ਇਕ ਮੁੰਡੇ ਦੀ ਲਾਸ਼ ਬਾਹਰ ਸੁੱਟੀ ਅਤੇ ਉਸ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਇਸ ਤਰ੍ਹਾਂ ਪੁਲਸ ਮੁਕਾਬਲੇ ਵਿਚ ਇਕ ਲਾਸ਼ ਨੂੰ ਹਲਾਕ ਕਰ ਦਿੱਤਾ ਗਿਆ।

ਸਰਪੰਚ ਕੁੰਦਨ ਸਿੰਘ ਪਿੰਡ ਘਣੀਕੇ ਬਾਂਗਰ

ਪੁਲਸ ਮਹਿਕਮਾ ਬਾਕੀ ਸਾਰੇ ਮਹਿਕਮਿਆਂ ਨਾਲੋਂ ਵੱਧ ਗਰਕ ਚੁੱਕਾ ਹੈ। ਪੰਜਾਬ ਵਿਚ ਸਭ ਠੀਕ ਹੋ ਸਕਦਾ ਹੈ ਪਰ ਪੁਲਸ ਦੀ ਨੀਅਤ ਠੀਕ ਨਹੀਂ। ਪੁਲਸ ਨੂੰ ਵੱਧ ਅਧਿਕਾਰ ਦੇ ਕੇ ਵਿਧਾਨ ਦੀ ਬੇ-ਇਜ਼ਤੀ ਕੀਤੀ ਜਾ ਰਹੀ ਹੈ। ਪੁਲਸ ਦਾ ਤਸ਼ੱਦਦ ਅੱਤਵਾਦ ਨੂੰ ਵਧਾਉਣ ਵਿਚ ਬਹੁਤ ਹਿਸਾ ਪਾ ਰਿਹਾ ਹੈ।

ਸਰਪੰਚ ਅਮਰੀਕ ਸਿੰਘ ਪਿੰਡ ਮੱਤੇਵਾਲ

ਪੁਲਸ ਡੀ.ਸੀ. ਤੱਕ ਦੀ ਕੋਈ ਗੱਲ ਨਹੀਂ ਸੁਣਦੀ। ਕੁਝ ਸਮਾਂ ਪਹਿਲਾਂ ਜੋ ਕੁਝ ਪਿੰਡ ਸੈਦੋ ਲਿਹਲ ਵਿਚ ਵਾਪਰਿਆ, ਉਹ ਅੱਤ ਦੀ ਸ਼ਰਮ ਦੀ ਗੱਲ ਸੀ। ਪੁਲਸ ਨੇ ਸੈਦੋ ਲਿਹਲ ਦੇ ਸਰਪੰਚ ਦੀਆਂ ਚਾਰ ਲੜਕੀਆਂ ਥਾਣੇ ਲਿਆ ਕੇ ਬੰਦ ਕਰ ਦਿੱਤੀਆਂ। ਇਸ ਕੇਸ ਦੀ ਇਨਕੁਆਰੀ ਉਸ ਸਮੇਂ ਦੇ ਜਲੰਧਰ ਦੇ ਕਮਿਸ਼ਨਰ ਦਿਨੇਸ਼ ਕੁਮਾਰ ਨੇ ਕੀਤੀ ਅਤੇ ਕਿਹਾ ਕਿ ਇਸ ਮਾਮਲੇ ਵਿਚ ਪੁਲਸ ਗਲਤ ਹੈ। ਉਹਨਾਂ ਐਸ.ਐਚ.ਓ. ਮਹਿਤਾ ਵਿਰੁੱਧ ਕੇਸ ਦਰਜ ਕਰਨ ਲਈ ਵੀ ਕਿਹਾ ਪਰ ਕੋਈ ਕਾਰਵਾਈ ਨਹੀਂ ਹੋਈ।

ਗਵਰਨਰ ਨੇ ਕਿਹਾ ਸੀ ਕਿ ਥਾਣਿਆਂ ਵਿਚ ਲੜਕੀਆਂ ਅਤੇ ਔਰਤਾਂ ਨਹੀਂ ਲਿਆਂਦੀਆਂ ਜਾਣਗੀਆਂ ਪਰ ਅੱਜ-ਕਲ੍ਹ ਥਾਣੇ ਔਰਤਾਂ ਅਤੇ ਲੜਕੀਆਂ ਨਾਲ ਭਰੇ ਪਏ ਹਨ। ਬਟਾਲੇ ਦਾ ਕਾਰਖਾਨਾ "ਬੀਕੋ" ਅੱਜਕਲ੍ਹ ਇਕ ਬੁੱਚੜਖਾਨਾ ਬਣ ਗਿਆ ਹੈ। ਕਦੇ ਇਥੇ ਮਸ਼ੀਨਾਂ ਤਿਆਰ ਹੁੰਦੀਆਂ ਸਨ ਪਰ ਅੱਜਕਲ੍ਹ ਮਨੁੱਖੀ ਜਾਨਾਂ ਖ਼ਤਮ ਹੋ ਰਹੀਆਂ ਹਨ। 15 ਅਗਸਤ ਨੂੰ ਮੈਨੂੰ 5 ਹਜ਼ਾਰ ਰੁਪਏ, ਇਕ ਸ਼ਾਲ ਅਤੇ ਇਕ ਚਾਂਦੀ ਦੀ ਟਰੇਅ ਦੇ ਕੇ ਵਧੀਆ ਸੋਸ਼ਲ ਵਰਕਰ ਵਜੋਂ ਸਨਮਾਨਿਆ ਗਿਆ ਸੀ। ਮੇਰਾ ਦਿਲ ਕਰਦਾ ਹੈ ਕਿ ਮੈਂ ਇਹ ਸਨਮਾਨ ਵਾਪਸ ਕਰ ਦਿਆਂ।

ਬਟਾਲੇ ਦਾ ਇਕ ਡੀ.ਐਸ.ਪੀ. ਹਰਜੀਤ ਸਿੰਘ ਮੈਨੂੰ ਫੜਨ ਲਈ ਮੇਰੇ ਪਿੰਡ ਆਇਆ। ਮੇਰੇ 'ਤੇ ਦੋਸ਼ ਲਾਇਆ ਗਿਆ ਕਿ ਮੈਂ ਆਪਣੇ ਹੀ ਪਿੰਡ ਦੇ ਅੱਤਵਾਦੀ ਸ਼ੀਤੇ ਨੂੰ ਪਨਾਹ ਦੇਂਦਾ ਹਾਂ। ਹਾਲਾਂ ਕਿ ਸੱਚ ਇਹ ਹੈ ਕਿ ਕੁਝ ਸਾਲ ਪਹਿਲਾਂ ਮੈਂ ਕਤਲ ਦੇ ਇਕ ਕੇਸ ਵਿਚ ਗਵਾਹੀ ਦੇ ਕੇ ਸ਼ੀਤੇ ਨੂੰ ਕੈਦ ਕਰਵਾਇਆ ਸੀ ਜੋ ਬਾਅਦ ਵਿਚ ਹਾਈਕੋਰਟ 'ਚੋਂ ਛੁਟ ਗਿਆ। ਹੁਣ ਮੈਨੂੰ ਕਹਿ ਰਹੇ ਹਨ ਕਿ ਸ਼ੀਤੇ ਨੂੰ ਫੜਾ।

ਸਰਪੰਚ ਤਾਰਾ ਸਿੰਘ ਪਿੰਡ ਮਾਥੋਲਾ

ਪਰੈਸ ਵਿਚ ਪੁਲਸ ਵਧੀਕੀਆਂ ਦੀਆਂ ਰਿਪੋਰਟਾਂ ਛੱਪਣ ਦਾ ਪੁੱਠਾ ਅਸਰ ਹੋਇਆ ਹੈ। ਪੁਲਸ ਵਲੋਂ ਤੰਗ ਕਰਨ ਦੀਆਂ ਘਟਨਾਵਾਂ ਘੱਟਣ ਦੀ ਥਾਂ ਵੱਧ ਗਈਆਂ ਹਨ ਪਿੰਡ ਮੰਡ ਦੇ ਸਰਪੰਚ ਦੇ ਭਤੀਜੇ ਜੋਗਿੰਦਰ ਸਿੰਘ ਦਾ ਕੇਸ ਹੈ। ਪੁਲਸ ਨੇ ਉਹਨੂੰ ਦੋ ਕੁ ਹਫਤੇ ਪਹਿਲਾਂ ਗਰਿਫ਼ਤਾਰ ਕੀਤਾ ਸੀ। ਕਈ ਦਿਨ ਲਗਾਤਾਰ ਉਸ 'ਤੇ ਤਸ਼ੱਦਦ ਕੀਤਾ ਗਿਆ। ਪਰ ਉਸਦੇ ਖਿਲਾਫ ਕੁਝ ਵੀ ਸਾਬਤ ਨਾ ਹੋ ਸਕਿਆ। ਇਸੇ ਤਰ੍ਹਾਂ ਲੰਗਿਆਂਵਾਲੀ ਦੇ ਪੰਚਾਇਤ ਮੈਂਬਰ ਕਸ਼ਮੀਰਾ ਸਿੰਘ ਦਾ ਕੇਸ ਹੈ। ਪਿੰਡ ਦੇ ਮੋਹਤਬਰ ਬੰਦਿਆਂ

ਦੇ ਵਿਚ ਪੈਣ 'ਤੇ ਪੁਲਸ ਨੇ ਇਕ ਵਾਰ ਤਾਂ ਉਸਨੂੰ ਛੱਡ ਦਿੱਤਾ ਪਰ ਝੱਟ ਹੀ ਦੁਬਾਰਾ ਗਰਿਫਤਾਰ ਕਰ ਲਿਆ । ਸ਼ਾਇਦ ਉਸਨੇ ਰਿਸ਼ਵਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਹੁਣ ਉਸਨੂੰ ਹਥਿਆਰਾਂ ਦੀ ਬਰਾਮਦਗੀ ਦੇ ਕੇਸ ਵਿਚ ਫਸਾ ਲਿਆ ਗਿਆ ਹੈ । ਨਿਰਦੋਸ਼ ਲੋਕਾਂ ਨੂੰ ਫੜਨ ਅਤੇ ਪੈਸੇ ਲੈ ਕੇ ਛੱਡਣ ਦਾ ਸਿਲਸਿਲਾ ਏਨਾ ਵੱਧ ਗਿਆ ਹੈ ਕਿ ਲੋਕਾਂ ਨੇ ਪੈਸੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਹਨ । ਕੀ ਪਤਾ ਕਦੋਂ ਪੁਲਸ ਨੂੰ ਦੇਣੇ ਪੈ ਜਾਣ ।

ਸਰਪੰਚ ਸੋਹਣ ਸਿੰਘ ਪਿੰਡ ਪੱਡੇ

ਪੁਲਸ ਲੋਕਾਂ ਨੂੰ ਦਹਿਸ਼ਤਗਰਦ ਬਣਨ ਲਈ ਮਜਬੂਰ ਕਰ ਰਹੀ ਹੈ । ਜੇ ਪੁਲਸ ਦਾ ਇਹੀ ਵਤੀਰਾ ਰਿਹਾ ਤਾਂ ਕੋਈ ਵੀ ਗੈਰਤਮੰਦ ਵਿਅਕਤੀ ਇਸ ਇਲਾਕੇ ਵਿਚ ਨਹੀਂ ਰਹੇਗਾ—ਜੇ ਉਹ ਗੋਲੀ ਮਾਰ ਦੇਂਦੇ ਤਾਂ ਕਿਤੇ ਚੰਗਾ ਹੋਣਾ ਸੀ । ਏਨੀ ਬੇਇਜਤੀ ਤਾਂ ਨਾ ਸਹਿਣੀ ਪੈਂਦੀ—ਜਿਨਾ ਮੇਰਾ ਅਪਮਾਨ ਹੋਇਆ ਹੈ, ਮੈਂ ਕਦੀ ਵੀ ਦੁਬਾਰਾ ਸਰਪੰਚ ਨਹੀਂ ਬਣਾਂਗਾ ; ਮੈਨੂੰ ਪੱਕਾ ਯਕੀਨ ਹੈ ਕਿ ਸਾਡੇ ਪਿੰਡ ਦਾ ਕੋਈ ਵੀ ਬੰਦਾ ਸਰਪੰਚ ਨਹੀਂ ਬਣਨ ਲੱਗਾ । -ਕਈ ਵਾਰ ਸੋਚਿਆ ਹੈ ਕਿ ਪਿੰਡ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਈਏ । ਪਰ ਜਾਈਏ ਕਿਥੇ ? ਸਾਡੇ ਪਿੰਡ ਵਿਚ ਇਕ ਵੀ ਅਜਿਹਾ ਬੰਦਾ ਨਹੀਂ ਜਿਸਦਾ ਕਰਿਮੀਨਲ ਰਿਕਾਰਡ ਹੋਵੇ । ਬਹੁਤੇ ਲੋਕ ਪੜ੍ਹੇ-ਲਿਖੇ ਹਨ । ਅਸੀਂ ਪਿੰਡ ਦੇ ਮੁੰਡਿਆਂ ਨਾਲ ਕਈ ਵਾਰ ਗੱਲ ਕੀਤੀ ਹੈ । ਉਹਨਾਂ ਨੂੰ ਸਮਝਾਇਆ ਹੈ ਕਿ ਦਹਿਸ਼ਤਪੁਣੇ ਤੋਂ ਬਚ ਕੇ ਰਹਿਓ । ਜੋ ਕੁਝ ਸਾਡੇ ਨਾਲ ਬੀਤੀ ਹੈ, ਹੁਣ ਅਸੀਂ ਕਿਹੜੇ ਮੂੰਹ ਨਾਲ ਮੁੰਡਿਆਂ ਨਾਲ ਗੱਲ ਕਰਾਂਗੇ । ਉਹ ਸਾਡਾ ਮਖੌਲ ਉਡਾਉਣਗੇ । ਮੇਰੀ ਗੱਲ ਯਾਦ ਰੱਖਿਓ, ਜੇ ਪੁਲਸ ਨੇ ਲੋਕਾਂ ਨੂੰ ਇੰਜ ਹੀ ਜਿੱਚ ਕਰਨਾ ਜਾਰੀ ਰੱਖਿਆ ਤਾਂ ਲੋਕ ਸਰਕਾਰ ਤੋਂ ਏਨਾ ਦੂਰ ਹੋ ਜਾਣਗੇ ਕਿ ਸਰਕਾਰ ਉਹਨਾਂ ਨੂੰ ਕੰਟਰੋਲ ਨਹੀਂ ਕਰ ਸਕੇਗੀ ਦੇਸ਼ ਦੇ ਟੁਕੜੇ ਹੋ ਜਾਣਗੇ ।

[ਆਪਣੀ ਅਤੇ ਆਪਣੇ ਸਾਥੀ ਪੰਚਾਇਤ ਮੈਂਬਰਾਂ ਦੀ ਹੱਡ-ਬੀਤੀ ਸੁਣਾਉਂਦਿਆਂ ਬਜ਼ੁਰਗ ਸੋਹਨ ਸਿੰਘ ਦਾ ਕਈ ਵਾਰ ਮਨ ਭਰ ਆਇਆ]

ਸਰਪੰਚ ਚਰਨ ਸਿੰਘ ਪਿੰਡ ਸ਼ੰਕਰਪੁਰਾ

ਪੁਲਸ ਵਲੋਂ ਪੰਚਾਂ-ਸਰਪੰਚਾਂ ਨੂੰ ਕੁੱਟਣਾ ਸੰਵਿਧਾਨ ਦੀ ਉਲੰਘਣਾ ਹੈ । ਇਕ ਪਾਸੇ ਸਰਕਾਰ ਪੰਚਾਇਤਾਂ ਨੂੰ ਵੱਧ ਅਧਿਕਾਰ ਦੇਣ ਦੇ ਦਮਗੱਜੇ ਮਾਰ ਰਹੀ ਹੈ ਅਤੇ ਦੂਜੇ ਪਾਸੇ ਪੰਚਾਇਤ ਮੈਂਬਰਾਂ ਨੂੰ ਕੁਟਾਪਾ ਚਾੜਿਆ ਜਾ ਰਿਹਾ ਹੈ । ਜਦੋਂ ਅਸੀਂ ਥਾਣਿਆਂ ਵਿਚ ਜਾਂਦੇ ਹਾਂ ਸਾਡੇ ਨਾਲ ਮੁਜ਼ਰਮਾਂ ਵਰਗਾ ਸਲੂਕ ਕੀਤਾ ਜਾਂਦਾ ਹੈ । ਸਰਪੰਚਾਂ 'ਤੇ ਝੂਠੇ ਕੇਸ ਪਾਏ ਜਾ ਰਹੇ ਹਨ ।

ਸਰਪੰਚ ਅਮਰੀਕ ਸਿੰਘ ਪਿੰਡ ਮੀਕੇ

ਪੁਲਿਸ ਦੇ ਖਿਲਾਫ਼ ਸ਼ਕਾਇਤ ਕਰਨ 'ਤੇ ਫਿਰ ਮੁੱਲ ਤਾਰਨਾ ਪੈਂਦਾ ਹੈ । ਪੰਚਾਇਤ ਦੀ ਸਫ਼ਾਈ ਥਾਣੇ ਮੰਨਜ਼ੂਰ ਨਹੀਂ ਹੁੰਦੀ । ਸਾਡੇ ਪਿੰਡ ਦੀ ਪੰਚਾਇਤ ਨੇ ਇਕ ਅੰਮ੍ਰਿਤ-ਧਾਰੀ ਦੀ ਸਫ਼ਾਈ ਦਿੱਤੀ ਜਿਸ 'ਤੇ ਪੁਲਸ ਨੇ ਪੰਚਾਇਤ ਨੂੰ ਜਲੀਲ ਕੀਤਾ । ਮੁੜ ਕਿਸੇ ਦੀ ਸਫਾਈ ਦੇਣ ਦੀ ਪੰਚਾਇਤ ਨੇ ਜੁਰਅਤ ਨਹੀਂ ਕੀਤੀ ।

ਗੁਰਦਿਆਲ ਸਿੰਘ ਪਿੰਡ ਤਲਵੰਡੀ ਲਾਲ ਸਿੰਘ

ਪੁਲਸ ਪਿੰਡਾਂ ਵਿਚ ਲੜਕੀਆਂ ਨਾਲ ਬਹੁਤ ਮਾੜਾ ਵਰਤਾਓ ਕਰਦੀ ਹੈ ਜੋ ਅਸਹਿ ਹੈ । ਮਿਸਾਲ ਵਜੋਂ ਪੁਲਸ ਨੇ ਗਿਆਨ ਸਿੰਘ ਨਾਂ ਦੇ ਵਿਅਕਤੀ ਨੂੰ ਫੜਿਆ । ਉਸਦੀ ਪਤਨੀ ਪ੍ਰਕਾਸ਼ ਕੌਰ ਨੂੰ ਉਸਦੇ ਘਰ ਜ਼ਮੀਨ 'ਤੇ ਲੰਮੇ ਪਾਕੇ ਉਸਦੇ ਪੱਟਾਂ ਉਪਰ ਬਾਲਾ ਰੱਖ ਕੇ ਪੁਲਸ ਵਾਲੇ ਉਪਰ ਖੜੇ ਸਨ ਅਤੇ ਹੇਠਾਂ ਉਹ ਵਿਚਾਰੀ ਰੋ ਕੁਰਲਾ ਰਹੀ ਸੀ । ਉਸਦੇ 10 ਸਾਲ ਦੇ ਲੜਕੇ ਦੀ ਛਾਤੀ 'ਤੇ ਪੁਲਸ ਵਾਲੇ ਪੈਰ ਰੱਖ ਕੇ ਖੜੇ ਸਨ । ਬਾਅਦ ਵਿਚ ਔਰਤ ਨੂੰ ਪੁਲਸ ਲੈ ਗਈ ਅਤੇ ਰਾਤ 10 ਵਜੇ ਕੜਕਦੀ ਸਰਦੀ ਵਿਚ ਹਰਚਰਨਪੁਰਾ ਪਿੰਡ ਦੇ ਪੁਲ 'ਤੇ ਉਤਾਰ ਦਿੱਤਾ ।

ਸਰਪੰਚ ਚਰਨ ਸਿੰਘ ਪਿੰਡ ਹਰਚਰਨਪੁਰਾ

ਪੁਲਸ ਅਤਿਵਾਦ ਦੇ ਨਾਂ ਹੇਠ ਲੋਕਾਂ ਨੂੰ ਨਜਾਇਜ਼ ਤੰਗ ਕਰਦੀ ਹੈ । ਸਧਾਰਨ ਵਿਅਕਤੀਆਂ ਦੀ ਗੱਲ ਤਾਂ ਇਕ ਪਾਸੇ, ਪੁਲਸ ਪਿੰਡਾਂ ਦੇ ਪੰਚਾਂ ਸਰਪੰਚਾਂ ਨੂੰ ਵੀ ਨਹੀਂ ਬਖ-ਸ਼ਦੀ । ਪੁਲਸ ਨੇ ਕਈ ਪਿੰਡਾਂ ਦੇ ਸਰਪੰਚਾਂ ਦੀ ਕੁੱਟਮਾਰ ਕੀਤੀ ਹੈ ।

ਕਸ਼ਮੀਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਤੀ

ਪੁਲਸ ਅੰਨੇਵਾਹ ਲੋਕਾਂ 'ਤੇ ਟੀ.ਡੀ. ਐਕਟ ਲਾ ਰਹੀ ਹੈ । ਪਹਿਲਾਂ ਮੁੰਡਿਆਂ ਦੇ ਡਰੋਂ ਹਿਜਰਤ ਹੁੰਦੀ ਰਹੀ ਸੀ । ਪਰ ਹੁਣ ਪੁਲਸ ਦੇ ਡਰੋਂ ਕੁਝ ਲੋਕ ਪਿੰਡ ਛੱਡ ਕੇ ਸ਼ਹਿਰਾਂ ਨੂੰ ਜਾ ਰਹੇ ਹਨ ।

ਸਰਪੰਚ ਪਿੰਡ ਘੋਗੇ

1984 ਵਾਲੇ ਸਾਕੇ ਤੋਂ ਬਾਅਦ ਮੈਂ ਡਰਦੇ ਮਾਰਿਆਂ ਕੇਸ ਰੱਖ ਲਏ ਸਨ । ਪਿਛਲੇ ਸਾਲ ਅੱਤਵਾਦੀਆਂ ਨੇ ਮੇਰੇ ਘਰ 'ਤੇ ਗੋਲੀ ਵੀ ਚਲਾਈ । ਪਰ ਉਸ ਸਮੇਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਦਸੰਬਰ ਵਿਚ 200 ਦੇ ਕਰੀਬ ਪੁਲਸ ਅਤੇ ਬੀ.ਐਸ.ਐਫ. ਦੇ ਮੁਲਾਜ਼ਮਾਂ ਨੇ ਮੇਰੇ ਘਰ ਨੂੰ ਘੇਰ ਲਿਆ । ਮੇਰੇ ਨੌਕਰ ਨੂੰ ਘਰ ਵਿਚ ਹੀ ਕੁੱਟਣ

ਦੇ ਵਿਚ ਪੈਣ 'ਤੇ ਪੁਲਸ ਨੇ ਇਕ ਵਾਰ ਤਾਂ ਉਸਨੂੰ ਛੱਡ ਦਿੱਤਾ ਪਰ ਝੱਟ ਹੀ ਦੁਬਾਰਾ ਗਰਿਫਤਾਰ ਕਰ ਲਿਆ। ਸ਼ਾਇਦ ਉਸਨੇ ਰਿਸ਼ਵਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਹੁਣ ਉਸਨੂੰ ਹਥਿਆਰਾਂ ਦੀ ਬਰਾਮਦਗੀ ਦੇ ਕੇਸ ਵਿਚ ਫਸਾ ਲਿਆ ਗਿਆ ਹੈ। ਨਿਰਦੋਸ਼ ਲੋਕਾਂ ਨੂੰ ਫੜਨ ਅਤੇ ਪੈਸੇ ਲੈ ਕੇ ਛੱਡਣ ਦਾ ਸਿਲਸਿਲਾ ਏਨਾ ਵੱਧ ਗਿਆ ਹੈ ਕਿ ਲੋਕਾਂ ਨੇ ਪੈਸੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਹਨ। ਕੀ ਪਤਾ ਕਦੋਂ ਪੁਲਸ ਨੂੰ ਦੇਣੇ ਪੈ ਜਾਣ।

ਸਰਪੰਚ ਸੋਹਣ ਸਿੰਘ ਪਿੰਡ ਪੱਡੇ

ਪੁਲਸ ਲੋਕਾਂ ਨੂੰ ਦਹਿਸ਼ਤਗਰਦ ਬਣਨ ਲਈ ਮਜ਼ਬੂਰ ਕਰ ਰਹੀ ਹੈ। ਜੇ ਪੁਲਸ ਦਾ ਇਹੀ ਵਤੀਰਾ ਰਿਹਾ ਤਾਂ ਕੋਈ ਵੀ ਗੈਰਤਮੰਦ ਵਿਅਕਤੀ ਇਸ ਇਲਾਕੇ ਵਿਚ ਨਹੀਂ ਰਹੇਗਾ—ਜੇ ਉਹ ਗੋਲੀ ਮਾਰ ਦੇਂਦੇ ਤਾਂ ਕਿਤੇ ਚੰਗਾ ਹੋਣਾ ਸੀ। ਏਨੀ ਬੇਇਜ਼ਤੀ ਤਾਂ ਨਾ ਸਹਿਣੀ ਪੈਂਦੀ—ਜਿਨਾ ਮੇਰਾ ਅਪਮਾਨ ਹੋਇਆ ਹੈ, ਮੈਂ ਕਦੀ ਵੀ ਦੁਬਾਰਾ ਸਰਪੰਚ ਨਹੀਂ ਬਣਾਂਗਾ; ਮੈਨੂੰ ਪੱਕਾ ਯਕੀਨ ਹੈ ਕਿ ਸਾਡੇ ਪਿੰਡ ਦਾ ਕੋਈ ਵੀ ਬੰਦਾ ਸਰਪੰਚ ਨਹੀਂ ਬਣਨ ਲੱਗਾ। -ਕਈ ਵਾਰ ਸੋਚਿਆ ਹੈ ਕਿ ਪਿੰਡ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਈਏ। ਪਰ ਜਾਈਏ ਕਿਥੇ ? ਸਾਡੇ ਪਿੰਡ ਵਿਚ ਇਕ ਵੀ ਅਜਿਹਾ ਬੰਦਾ ਨਹੀਂ ਜਿਸਦਾ ਕਰਿਮੀਨਲ ਰਿਕਾਰਡ ਹੋਵੇ। ਬਹੁਤੇ ਲੋਕ ਪੜ੍ਹੇ-ਲਿਖੇ ਹਨ। ਅਸੀਂ ਪਿੰਡ ਦੇ ਮੁੰਡਿਆਂ ਨਾਲ ਕਈ ਵਾਰ ਗੱਲ ਕੀਤੀ ਹੈ। ਉਹਨਾਂ ਨੂੰ ਸਮਝਾਇਆ ਹੈ ਕਿ ਦਹਿਸ਼ਤਪੁਣੇ ਤੋਂ ਬਚ ਕੇ ਰਹਿਓ। ਜੋ ਕੁਝ ਸਾਡੇ ਨਾਲ ਬੀਤੀ ਹੈ, ਹੁਣ ਅਸੀਂ ਕਿਹੜੇ ਮੂੰਹ ਨਾਲ ਮੁੰਡਿਆਂ ਨਾਲ ਗੱਲ ਕਰਾਂਗੇ। ਉਹ ਸਾਡਾ ਮਖੌਲ ਉਡਾਉਣਗੇ। ਮੇਰੀ ਗੱਲ ਯਾਦ ਰੱਖਿਓ, ਜੇ ਪੁਲਸ ਨੇ ਲੋਕਾਂ ਨੂੰ ਇੰਜ ਹੀ ਜਿੱਚ ਕਰਨਾ ਜਾਰੀ ਰੱਖਿਆ ਤਾਂ ਲੋਕ ਸਰਕਾਰ ਤੋਂ ਏਨਾ ਦੂਰ ਹੋ ਜਾਣਗੇ ਕਿ ਸਰਕਾਰ ਉਹਨਾਂ ਨੂੰ ਕੰਟਰੋਲ ਨਹੀਂ ਕਰ ਸਕੇਗੀ ਦੇਸ਼ ਦੇ ਟੁਕੜੇ ਹੋ ਜਾਣਗੇ।

[ਆਪਣੀ ਅਤੇ ਆਪਣੇ ਸਾਥੀ ਪੰਚਾਇਤ ਮੈਂਬਰਾਂ ਦੀ ਹੱਡ-ਬੀਤੀ ਸੁਣਾਉਂਦਿਆਂ ਬਜ਼ੁਰਗ ਸੋਹਨ ਸਿੰਘ ਦਾ ਕਈ ਵਾਰ ਮਨ ਭਰ ਆਇਆ]

ਸਰਪੰਚ ਚਰਨ ਸਿੰਘ ਪਿੰਡ ਸ਼ੰਕਰਪੁਰਾ

ਪੁਲਸ ਵਲੋਂ ਪੰਚਾਂ-ਸਰਪੰਚਾਂ ਨੂੰ ਕੁੱਟਣਾ ਸੰਵਿਧਾਨ ਦੀ ਉਲੰਘਣਾ ਹੈ। ਇਕ ਪਾਸੇ ਸਰਕਾਰ ਪੰਚਾਇਤਾਂ ਨੂੰ ਵੱਧ ਅਧਿਕਾਰ ਦੇਣ ਦੇ ਦਮਗੱਜੇ ਮਾਰ ਰਹੀ ਹੈ ਅਤੇ ਦੂਜੇ ਪਾਸੇ ਪੰਚਾਇਤ ਮੈਂਬਰਾਂ ਨੂੰ ਕੁਟਾਪਾ ਚਾੜਿਆ ਜਾ ਰਿਹਾ ਹੈ। ਜਦੋਂ ਅਸੀਂ ਥਾਣਿਆਂ ਵਿਚ ਜਾਂਦੇ ਹਾਂ ਸਾਡੇ ਨਾਲ ਮੁਜ਼ਰਮਾਂ ਵਰਗਾ ਸਲੂਕ ਕੀਤਾ ਜਾਂਦਾ ਹੈ। ਸਰਪੰਚਾਂ 'ਤੇ ਝੂਠੇ ਕੇਸ ਪਾਏ ਜਾ ਰਹੇ ਹਨ।

ਸਰਪੰਚ ਅਮਰੀਕ ਸਿੰਘ ਪਿੰਡ ਮੀਕੇ

ਪੁਲਿਸ ਦੇ ਖਿਲਾਫ਼ ਸ਼ਕਾਇਤ ਕਰਨ 'ਤੇ ਫਿਰ ਮੁੱਲ ਤਾਰਨਾ ਪੈਂਦਾ ਹੈ। ਪੰਚਾਇਤ ਦੀ ਸਫ਼ਾਈ ਥਾਣੇ ਮੰਨਜ਼ੂਰ ਨਹੀਂ ਹੁੰਦੀ। ਸਾਡੇ ਪਿੰਡ ਦੀ ਪੰਚਾਇਤ ਨੇ ਇਕ ਅੰਮ੍ਰਿਤ-ਧਾਰੀ ਦੀ ਸਫ਼ਾਈ ਦਿੱਤੀ ਜਿਸ 'ਤੇ ਪੁਲਸ ਨੇ ਪੰਚਾਇਤ ਨੂੰ ਜਲੀਲ ਕੀਤਾ। ਮੁੜ ਕਿਸੇ ਦੀ ਸਫਾਈ ਦੇਣ ਦੀ ਪੰਚਾਇਤ ਨੇ ਜੁਰਅਤ ਨਹੀਂ ਕੀਤੀ।

ਗੁਰਦਿਆਲ ਸਿੰਘ ਪਿੰਡ ਤਲਵੰਡੀ ਲਾਲ ਸਿੰਘ

ਪੁਲਸ ਪਿੰਡਾਂ ਵਿਚ ਲੜਕੀਆਂ ਨਾਲ ਬਹੁਤ ਮਾੜਾ ਵਰਤਾਓ ਕਰਦੀ ਹੈ ਜੋ ਅਸਹਿ ਹੈ। ਮਿਸਾਲ ਵਜੋਂ ਪੁਲਸ ਨੇ ਗਿਆਨ ਸਿੰਘ ਨਾਂ ਦੇ ਵਿਅਕਤੀ ਨੂੰ ਫੜਿਆ। ਉਸਦੀ ਪਤਨੀ ਪ੍ਰਕਾਸ਼ ਕੌਰ ਨੂੰ ਉਸਦੇ ਘਰ ਜ਼ਮੀਨ 'ਤੇ ਲੰਮੇ ਪਾਕੇ ਉਸਦੇ ਪੱਟਾਂ ਉਪਰ ਬਾਲਾ ਰੱਖ ਕੇ ਪੁਲਸ ਵਾਲੇ ਉਪਰ ਖੜੇ ਸਨ ਅਤੇ ਹੇਠਾਂ ਉਹ ਵਿਚਾਰੀ ਰੋ ਕੁਰਲਾ ਰਹੀ ਸੀ। ਉਸਦੇ 10 ਸਾਲ ਦੇ ਲੜਕੇ ਦੀ ਛਾਤੀ 'ਤੇ ਪੁਲਸ ਵਾਲੇ ਪੈਰ ਰੱਖ ਕੇ ਖੜੇ ਸਨ। ਬਾਅਦ ਵਿਚ ਔਰਤ ਨੂੰ ਪੁਲਸ ਲੈ ਗਈ ਅਤੇ ਰਾਤ 10 ਵਜੇ ਕੜਕਦੀ ਸਰਦੀ ਵਿਚ ਹਰਚਰਨਪੁਰਾ ਪਿੰਡ ਦੇ ਪੁਲ 'ਤੇ ਉਤਾਰ ਦਿੱਤਾ।

ਸਰਪੰਚ ਚਰਨ ਸਿੰਘ ਪਿੰਡ ਹਰਚਰਨਪੁਰਾ

ਪੁਲਸ ਅਤਿਵਾਦ ਦੇ ਨਾਂ ਹੇਠ ਲੋਕਾਂ ਨੂੰ ਨਜਾਇਜ਼ ਤੰਗ ਕਰਦੀ ਹੈ। ਸਧਾਰਨ ਵਿਅਕਤੀਆਂ ਦੀ ਗੱਲ ਤਾਂ ਇਕ ਪਾਸੇ, ਪੁਲਸ ਪਿੰਡਾਂ ਦੇ ਪੰਚਾਂ ਸਰਪੰਚਾਂ ਨੂੰ ਵੀ ਨਹੀਂ ਬਖ਼ਸ਼ਦੀ। ਪੁਲਸ ਨੇ ਕਈ ਪਿੰਡਾਂ ਦੇ ਸਰਪੰਚਾਂ ਦੀ ਕੁੱਟਮਾਰ ਕੀਤੀ ਹੈ।

ਕਸਮੀਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਤੀ

ਪੁਲਸ ਅੰਨੇਵਾਹ ਲੋਕਾਂ 'ਤੇ ਟੀ.ਡੀ. ਐਕਟ ਲਾ ਰਹੀ ਹੈ। ਪਹਿਲਾਂ ਮੁੰਡਿਆਂ ਦੇ ਡਰੋਂ ਹਿਜਰਤ ਹੁੰਦੀ ਰਹੀ ਸੀ। ਪਰ ਹੁਣ ਪੁਲਸ ਦੇ ਡਰੋਂ ਕੁਝ ਲੋਕ ਪਿੰਡ ਛੱਡ ਕੇ ਸ਼ਹਿਰਾਂ ਨੂੰ ਜਾ ਰਹੇ ਹਨ।

ਸਰਪੰਚ ਪਿੰਡ ਘੋਗੇ

1984 ਵਾਲੇ ਸਾਕੇ ਤੋਂ ਬਾਅਦ ਮੈਂ ਡਰਦੇ ਮਾਰਿਆਂ ਕੇਸ ਰੱਖ ਲਏ ਸਨ। ਪਿਛਲੇ ਸਾਲ ਅੱਤਵਾਦੀਆਂ ਨੇ ਮੇਰੇ ਘਰ 'ਤੇ ਗੋਲੀ ਵੀ ਚਲਾਈ। ਪਰ ਉਸ ਸਮੇਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਦਸੰਬਰ ਵਿਚ 200 ਦੇ ਕਰੀਬ ਪੁਲਸ ਅਤੇ ਬੀ.ਐਸ.ਐਫ. ਦੇ ਮੁਲਾਜ਼ਮਾਂ ਨੇ ਮੇਰੇ ਘਰ ਨੂੰ ਘੇਰ ਲਿਆ। ਮੇਰੇ ਨੌਕਰ ਨੂੰ ਘਰ ਵਿਚ ਹੀ ਕੁੱਟਣ

ਲੱਗ ਪਏ । ਮੇਰੀਆਂ ਬਾਹਾਂ ਪਿਛੇ ਬੰਨ ਦਿੱਤੀਆਂ ਅਤੇ ਥਾਣੇ ਨੂੰ ਲੈ ਤੁਰੇ। ਮੇਰੀ ਪਤਨੀ ਨੂੰ ਵੀ ਚਪੇੜਾਂ ਮਾਰੀਆਂ।

ਸਰਪੰਚ ਜਸਵੰਤ ਸਿੰਘ ਪਿੰਡ ਬੁਚੇ ਨੰਗਲ

ਪੁਲਸ ਲੋਕਾਂ ਕੋਲੋਂ ਪੈਸੇ ਉਗਰਾਹ ਰਹੀ ਹੈ। ਬੇਕਸੂਰ ਲੋਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਪੁਲਸ ਅਫਸਰਾਂ ਵਿਚ ਮੁਕਾਬਲਾ ਚਲ ਰਿਹਾ ਹੈ ਕਿ ਕੌਣ ਵੱਧ ਪੈਸੇ ਬਣਾਉਂਦਾ ਹੈ। ਪੁਲਸ ਪਿੰਡਾਂ ਵਿਚ ਟਾਊਟਾਂ ਨੂੰ ਪਾਲ ਰਹੀ ਹੈ। ਉਹਨਾਂ ਨੂੰ ਮਨਆਈਆਂ ਕਰਨ ਦੀ ਖੁਲ੍ਹ ਦੇ ਰੱਖੀ ਹੈ। ਸਾਡੇ ਪਿੰਡ ਦੇ ਬਚਨ ਸਿੰਘ ਨਾਂ ਦੇ ਇਕ ਵਿਅਕਤੀ ਨੇ ਪੁਲਸ ਦੀ ਮਿਲੀ-ਭੁਗਤ ਨਾਲ ਪੰਚਾਇਤ ਦੇ ਸਫੇਦੇ ਚੋਰੀ ਵੱਢ ਕੇ ਵੇਚ ਲਏ। ਜਦੋਂ ਅਸੀਂ ਕਲਾਨੌਰ ਦੇ ਥਾਣੇਦਾਰ ਮਹਿੰਦਰ ਸਿੰਘ ਕੋਲ ਇਸ ਬਾਰੇ ਸ਼ਕਾਇਤ ਕੀਤੀ ਤਾਂ ਉਸਦਾ ਕਹਿਣਾ ਸੀ, "ਦਰਖਾਸਤ ਦੇਣੀ ਹੈ ਤਾਂ ਦੇ ਦਿਓ, ਕੇਸ ਦਰਜ ਨਹੀਂ ਹੋ ਸਕਦਾ" ਅਸਾਂ ਦਰਖਾਸਤ ਦੇ ਦਿੱਤੀ ਪਰ ਉਸਨੂੰ ਦਬਾ ਦਿੱਤਾ ਗਿਆ। ਜਦੋਂ ਅਸੀਂ ਦੁਬਾਰਾ ਇਸ ਬਾਰੇ ਪੁਛਣ ਗਏ ਤਾਂ ਥਾਣੇਦਾਰ ਧਮਕੀਆਂ 'ਤੇ [ਉਤਰ ਆਇਆ। ਉਸਦਾ ਕਹਿਣਾ ਸੀ "ਜਾਨ ਦੀ ਖੈਰ ਚਾਹੁੰਦੇ ਹੋ ਤਾਂ ਫੋਰੀ ਥਾਣੇ 'ਚੋਂ ਬਾਹਰ ਨਿਕਲ ਜਾਓ, ਮੁੜ ਇੱਧਰ ਮੂੰਹ ਕਰਨ ਦੀ ਕੋਸ਼ਿਸ਼ ਨਹੀਂ ਹੋਣੀ ਚਾਹੀਦੀ"

ਸਰਪੰਚ ਤਾਰਾ ਸਿੰਘ ਪਿੰਡ ਚੀਮਾ ਖੁੱਡੀ

ਸਰਕਾਰ ਪਿਆਰ ਦੀ ਥਾਂ ਜਬਰ ਦੀ ਨੀਤੀ ਅਪਣਾ ਰਹੀ ਹੈ। ਜਿਹੜੇ ਅਫ਼ਸਰ ਲੋਕਾਂ ਨਾਲ ਨਰਮੀ ਨਾਲ ਪੇਸ਼ ਆਉਣ ਦੀ ਗੱਲ ਕਰਦੇ ਹਨ ਉਹਨਾਂ ਨੂੰ ਬਦਲ ਦਿੱਤਾ ਜਾਂਦਾ ਹੈ। ਉਹਨਾਂ ਦੀ ਥਾਂ 'ਤੇ ਅਜਿਹੇ ਅਫਸਰਾਂ ਨੂੰ ਲਾਇਆ ਜਾ ਰਿਹਾ ਹੈ ਜੋ ਪੰਜਾਬ ਸਮੱਸਿਆ ਨੂੰ ਨਿਰੋਲ ਅਮਨ ਤੇ ਕਾਨੂੰਨ ਦੀ ਸਮੱਸਿਆ ਸਮਝਦੇ ਹਨ ਅਤੇ ਇਸਨੂੰ ਪੁਲਸੀਆਂ ਵਾਲੇ ਤਰੀਕੇ ਨਾਲ ਹੱਲ ਕਰਨਾ ਚਾਹੁੰਦੇ ਹਨ। ✠

ਪੁਲਸੀ ਜ਼ਬਰ ਦੀ ਕਹਾਣੀ ਗੈਰ ਸਿੱਖ ਪੱਤਰਕਾਰਾਂ ਦੀ ਜ਼ਬਾਨੀ

ਦਿਨੇਸ਼ ਕੁਮਾਰ—ਟਾਈਮਜ਼ ਆਫ ਇੰਡੀਆ

ਇਸ ਸਰਹੱਦੀ ਜ਼ਿਲੇ (ਗੁਰਦਾਸਪੁਰ) ਵਿਚ ਪੁਲਸ ਜਬਰ ਏਨਾ ਵੱਧ ਗਿਆ ਹੈ ਕਿ ਬਹੁਤ ਸਾਰੇ ਨੌਜਵਾਨ ਪੁਲਸ ਤੋਂ ਡਰਦੇ ਮਾਰੇ ਘਰ ਛੱਡ ਕੇ ਭੱਜ ਗਏ ਹਨ।

ਪਿੰਡਾਂ ਦੇ ਲੋਕ ਅਤੇ ਬਟਾਲੇ ਦੇ ਸਿਵਲ ਅਧਿਕਾਰੀ ਇਕ ਮੱਤ ਹੋ ਕੇ ਦੋਸ਼ ਲਾ ਰਹੇ ਹਨ ਕਿ ਪੁਲਸ ਵਿਚ ਰਿਸ਼ਵਤਖੋਰੀ ਵੱਡੀ ਪੱਧਰ 'ਤੇ ਫੈਲ ਗਈ ਹੈ। ਉਹ ਮਾਸੂਮ ਲੋਕਾਂ ਨੂੰ ਤੰਗ ਕਰ ਰਹੀ ਹੈ। ਹਾਲਤ ਇਥੋਂ ਤਕ ਪਹੁੰਚ ਗਈ ਹੈ ਕਿ ਕਈ ਪਰਿਵਾਰਾਂ ਨੇ 'ਪੈਸੇ ਜੋੜਨੇ' ਸ਼ੁਰੂ ਕਰ ਦਿਤੇ ਹਨ ਤਾਂ ਕਿ ਭੀੜ ਪੈਣ 'ਤੇ ਪੁਲਸ ਨੂੰ ਮੱਥਾ ਟੇਕਿਆ ਜਾ ਸਕੇ।

ਜਿਲਾ ਪੁਲਸ ਮੁੱਖੀ (ਗੋਬਿੰਦ ਰਾਮ) ਦੇ ਖਿਲਾਫ ਲੋਕਾਂ ਦੇ ਮਨਾਂ ਅੰਦਰ ਗੁੱਸਾ ਭਰ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਲਾਕੇ ਵਿਚ ਹੋਣ ਵਾਲੀ ਕਿਸੇ ਵੀ ਘਟਨਾ ਦਾ ਨੇੜਲੇ ਪਿੰਡਾਂ ਦੇ ਪੰਚਾਂ ਸਰਪੰਚਾਂ 'ਤੇ ਦੋਸ਼ ਲਾ ਕੇ ਉਨ੍ਹਾਂ ਦੀ ਕੁੱਟ-ਮਾਰ ਕਰਨ ਵਿਚ ਉਹ ਨਿੱਜੀ ਤੌਰ 'ਤੇ ਮੂਹਰੇ ਹੁੰਦਾ ਹੈ।

ਪਰ ਇਸਤੋਂ ਵੀ ਮਾੜੀ ਗੱਲ ਇਹ ਹੈ ਕਿ ਜਿਹੜਾ ਵੀ ਜਬਰ ਦੇ ਖਿਲਾਫ ਆਵਾਜ਼ ਉਠਾਉਂਦਾ ਹੈ ਉਸ 'ਤੇ ਦਹਿਸ਼ਤਗਰਦ ਹੋਣ ਦਾ ਬਿੱਲਾ ਲਾ ਦਿਤਾ ਜਾਂਦਾ ਹੈ। ਪਰ ਇਸਦੇ ਬਾਵਜੂਦ ਵੀ ਜਿਨ੍ਹਾਂ ਕੁਝ ਵਿਅੱਕਤੀਆਂ ਨੇ ਬੋਲਣ ਦੀ ਕੋਸ਼ਿਸ਼ ਕੀਤੀ ਹੈ ਉਹਨਾਂ ਨੂੰ 'ਪੁਲਸ ਦੀ ਕਰੋਪੀ' ਝੱਲਣੀ ਪਈ ਹੈ......।

ਬੋਲੇਵਾਲ ਦੇ ਸਰਪੰਚ ਧਰਮ ਸਿੰਘ ਦੀ ਮਿਸਾਲ ਸਾਹਮਣੇ ਹੈ। ਧਰਮ ਸਿੰਘ ਉਹਨਾਂ ਕੁਝ ਕੁ ਵਿਅੱਕਤੀਆਂ 'ਚੋਂ ਹੈ ਜਿਸਨੇ ਆਵਾਜ਼ ਉਠਾਉਣ ਦੀ ਜੁਅਰਤ ਕੀਤੀ ਹੈ। ਧਰਮ ਸਿੰਘ ਵਲੋਂ ਉਚੇ-ਅਧਿਕਾਰੀਆਂ ਨੂੰ ਸ਼ਿਕਾਇਤ ਕਰਨ ਦੇ ਅਗਲੇ ਦਿਨ ਹੀ ਪੁਲਸ ਉਸਦੇ ਘਰ ਆ ਧਮਕੀ ਅਤੇ ਉਸਦੇ ਬੁੱਢੇ ਬਾਪ ਗੁਰਦੀਪ ਸਿੰਘ ਨੂੰ ਘੇਰ ਲਿਆ। ਪੁਲਸ ਦੀ ਹੁਕਮ ਸੀ ਕਿ ਜਾਂ ਤਾਂ ਅਗਾਂਹ ਤੋਂ ਆਪਣੇ ਮੁੰਡੇ ਨੂੰ ਚੁੱਪ ਕਰਾ ਲਏ ਜਾਂ ਸਵਾਦ ਚੱਖਣ ਲਈ ਤਿਆਰ ਹੋ ਜਾ......।

ਔਰਤਾਂ ਅਤੇ ਨੌਜਵਾਨ ਲੜਕੀਆਂ ਨੂੰ ਗਰਿਫਤਾਰ ਕਰਕੇ ਠਾਣਿਆਂ 'ਚ ਬੰਦ ਕਰਨ ਦੀਆਂ ਵੀ ਸ਼ਿਕਾਇਤਾਂ ਹਨ। ਲੋਕ ਵੱਡੀ ਪੱਧਰ 'ਤੇ ਦੋਸ਼ ਲਾ ਰਹੇ ਹਨ ਕਿ ਠਾਣਿਆਂ ਵਿਚ ਔਰਤਾਂ ਤੇ ਲੜਕੀਆਂ ਨਾਲ ਬਦਸਲੂਕੀ ਕੀਤੀ ਜਾ ਰਹੀ ਹੈ। ਇਹ ਸਾਰਾ ਕੁਝ ਮਰਦਾਨਾ ਪੁਲਸ ਵਲੋਂ ਕੀਤਾ ਜਾਂਦਾ ਹੈ।

ਇਕ ਸਰਕਾਰੀ ਅਧਿਕਾਰੀ ਨੇ ਸਾਰੀ ਹਾਲਤ ਨੂੰ ਇਹਨਾਂ ਸ਼ਬਦਾਂ ਰਾਹੀਂ ਸਮੇਟਿਆ ਹੈ 'ਇਥੇ ਪੂਰੀ ਤਰ੍ਹਾਂ

ਪੁਲਸ ਰਾਜ ਹੈ ਅਤੇ ਅਸੀਂ ਸਾਰੇ ਬੇਵੱ.. ਮਹਿਸੂਸ ਕਰ ਰਹੇ ਹਾਂ।'

(ਦਿਨੇਸ਼ ਕੁਮਾਰ. ਟਾਈਮਜ਼ ਆਫ ਇੰਡੀਆ. 13 ਫਰਵਰੀ, 1989)

ਸ਼ਮੀ ਸਰੀਨ—ਚੌਥੀ ਦੁਨੀਆਂ

ਦਿੱਲੀ ਦੀ ਸਰਕਾਰ ਪੰਚਾਇਤਾਂ ਨੂੰ ਵੱਧ ਅਧਿਕਾਰ ਦੇਣ ਦੇ ਢੰਡੋਰੇ ਪਿੱਟ ਰਹੀ ਹੈ ਪਰ ਪੰਜਾਬ ਅੰਦਰ ਪੰਚਾਇਤਾਂ ਨੂੰ ਕੋਈ ਨਹੀਂ ਪੁੱਛ ਰਿਹਾ। ਖਾਸ ਕਰਕੇ ਸਰਹੱਦੀ ਜ਼ਿਲਿਆਂ ਅੰਦਰ ਪੰਚਾਇਤਾਂ ਦੀ ਹਾਲਤ ਬਹੁਤ ਹੀ ਤਰਸਯੋਗ ਹੈ। ਉਹ ਦਹਿਸ਼ਤਪਸੰਦਾਂ ਨਾਲੋਂ ਪੁਲਸ ਹੱਥੋਂ ਵੱਧ ਪਰੇਸ਼ਾਨ ਹਨ। ਅੱਜ ਸਰਪੰਚ ਦੀ ਹੈਸੀਅਤ ਇਕ ਸਿਪਾਹੀ ਦੇ ਬਰਾਬਰ ਵੀ ਨਹੀਂ ਰਹੀ। ਪੁਲਸ ਹਥੋਂ ਬਿਨਾ-ਵਜਾਹ ਬੇਇਜਤ ਹੋਣਾ ਬਹੁਤੇ ਸਰਪੰਚਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ।

ਪੁਲਸ ਪੰਚਾਇਤ ਨੂੰ ਵਿਸ਼ਵਾਸ ਵਿਚ ਲਏ ਬਿਨਾ ਮਨਮਰਜੀ ਨਾਲ ਜਿਸਨੂੰ ਚਾਹੁੰਦੀ ਹੈ ਗ੍ਰਿਫਤਾਰ ਕਰ ਲੈਂਦੀ ਨੂੰ। ਭਾਰਤੀ ਸੰਵਿਧਾਨ ਮੁਤਾਬਕ ਗਰਿਫ਼ਤਾਰ ਕੀਤੇ ਗਏ ਵਿਅੱਕਤੀ ਨੂੰ 24 ਘੰਟਿਆਂ ਦੇ ਵਿਚ ਵਿਚ ਅਦਾਲਤ ਵਿਚ ਪੇਸ਼ ਕਰਨਾ ਜ਼ਰੂਰੀ ਹੁੰਦਾ ਹੈ ਪਰ ਇਥੇ ਹਫਤਿਆਂ, ਮਹੀਨਿਆਂ ਤੱਕ ਪਤਾ ਹੀ ਨਹੀਂ ਲੱਗਦਾ ਕਿ ਗ੍ਰਿਫਤਾਰ ਕੀਤਾ ਗਿਆ ਵਿਅੱਕਤੀ ਕਿਸ ਹਾਲਤ ਵਿਚ ਹੈ? ਜੀਉਂਦਾ ਵੀ ਹੈ ਜਾਂ ਨਹੀਂ। ਫਿਕਰ ਵਾਲੀ ਗੱਲ ਤਾਂ ਇਹ ਹੈ ਕਿ ਬਹੁਤੀ ਵਾਰੀ ਫੜਿਆ ਹੋਇਆ ਵਿਅੱਕਤੀ ਜਾਂ ਤਾਂ ਬਿਲਕੁਲ ਬੇਕਸੂਰ ਹੀ ਹੁੰਦਾ ਹੈ ਜਾਂ ਫਿਰ ਉਸਨੇ ਗੋਲੀ ਦੇ ਡਰੋਂ ਮਜਬੂਰਨ ਦਹਿਸਤਪਸੰਦਾਂ ਨੂੰ ਚਾਹ ਪਿਆਈ ਹੁੰਦੀ ਹੈ ਜਾਂ ਰੋਟੀ ਖੁਆਈ ਹੁੰਦੀ ਹੈ.....। ਜੇ ਪੰਚਾਇਤ ਵਾਲੇ ਸਬੰਧਤ ਵਿਅੱਕਤੀ ਦਾ ਅਤਾ ਪਤਾ ਮਾਲੂਮ ਕਰਨ ਜਾਂ ਸਫਾਈ ਦੇਣ ਲਈ ਠਾਣੇ ਜਾਂਦੇ ਹਨ ਤਾਂ ਉਹਨਾਂ ਨੂੰ ਦਹਿਸ਼ਤਪਸੰਦਾਂ ਦੇ ਹਿਮਾਇਤੀ ਕਹਿ ਕੇ ਨਾ ਸਿਰਫ ਠਾਣਿਓਂ ਭਜਾ ਦਿੱਤਾ ਜਾਂਦਾ ਹੈ ਸਗੋਂ ਕਈ ਵਾਰ ਫੜਕੇ ਬੇਇਜਤ ਅਤੇ ਜਲੀਲ ਵੀ ਕੀਤਾ ਜਾਂਦਾ ਹੈ। ਉਹਨਾਂ ਨੂੰ ਕੁੱਟਿਆ ਮਾਰਿਆ ਵੀ ਜਾਂਦਾ ਹੈ ਤਾਂ ਕਿ ਉਹ ਮੁੜ ਕਿਸੇ ਬੇਕਸੂਰ ਦਾ ਪੱਖ ਲੈਣ ਦੀ ਹਿੰਮਤ ਨਾ ਕਰ ਸਕਣ।

ਜਦੋਂ ਤੋਂ ਗੋਬਿੰਦ ਰਾਮ ਨੇ ਬਟਾਲੇ ਦੀ ਪੁਲਸ ਦੀ ਕਪਤਾਨੀ ਸੰਭਾਲੀ ਹੈ, ਪੁਲਸ ਅਤਿਆਚਾਰਾਂ ਦੀਆਂ ਕਹਾਣੀਆਂ ਵੱਧਦੀਆਂ ਹੀ ਜਾ ਰਹੀਆਂ ਹਨ। ਇਹਨਾਂ ਅਤਿਆਚਾਰਾਂ ਤੋਂ ਤੰਗ ਆ ਕੇ ਬਟਾਲੇ ਦੇ ਆਲੇ-ਦੁਆਲੇ ਦੇ 40 ਪੰਚਾਂ-ਸਰਪੰਚਾਂ ਨੇ ਅਸਤੀਫੇ ਦੇ ਦਿੱਤੇ ਹਨ।—ਸਰਪੰਚਾਂ ਦਾ ਕਹਿਣਾ ਹੈ ਕਿ ਗੋਬਿੰਦ ਰਾਮ ਨੇ ਥਾਣੇਦਾਰਾਂ ਨੂੰ ਹਦਾਇਤ ਕੀਤੀ ਹੋਈ ਹੈ ਕਿ ਕਿਸੇ ਪੰਚਾਇਤ ਦਾ ਕੋਈ ਮੈਂਬਰ ਕਿਸੇ ਗਰਿਫਤਾਰ ਕੀਤੇ ਗਏ ਵਿਅਕਤੀ ਦੀ ਪੈਰਵਾਈ ਕਰਨ ਆਏ ਤਾਂ ਉਸਨੂੰ ਰੱਜ ਕੇ ਕੁਟਾਪਾ ਚਾੜ੍ਹਿਆ ਜਾਵੇ।

ਵੀ. ਕੇ. ਦੇਥੇ—ਟਾਈਮਜ਼ ਆਫ ਇੰਡੀਆ

ਹਰਗੋਬਿੰਦਪੁਰ, ਫਤਹਿਗੜ੍ਹ ਚੂੜੀਆਂ ਅਤੇ ਬਟਾਲਾ ਦੇ 43 ਪਿੰਡਾਂ ਦੇ ਪੰਚਾਇਤ ਮੈਂਬਰਾਂ ਨੇ ਲਗਾਤਾਰ ਝੱਲਣੀਆਂ ਪੈ ਰਹੀਆਂ ਵਧੀਕੀਆਂ ਤੋਂ ਤੰਗ ਆ ਕੇ ਅਸਤੀਫੇ ਦੇ ਦਿੱਤੇ ਹਨ...ਇਸ ਮਹੀਨੇ ਦੇ ਸ਼ੁਰੂ ਵਿਚ ਪ੍ਰਭਾਵਤ ਪੰਚਾਇਤਾਂ ਦੇ ਮੈਂਬਰਾਂ ਨੇ ਇਕ ਮੀਟਿੰਗ ਕੀਤੀ ਪਰ ਪੁਲਸ ਨੇ ਉਹਨਾਂ ਨੂੰ ਚੇਤਾਵਨੀ ਦਿਤੀ ਹੈ ਕਿ ਜੇ ਉਹਨਾਂ ਨੇ ਪੁਲਸ ਦੇ ਵਿਰੁੱਧ ਜਬਾਨ ਖੋਲ੍ਹੀ ਤਾਂ ਉਹਨਾਂ ਨੂੰ ਇਸਦੇ ਸਿੱਟੇ ਭੁਗਤਣੇ ਪੈਣਗੇ।... ਇਹਨਾਂ ਇਲਾਕਿਆਂ ਦੇ ਪੰਚਾਇਤ ਮੈਂਬਰ ਮੰਗ ਕਰ ਰਹੇ ਹਨ ਕਿ ਨਵੀਆਂ ਪੰਚਾਇਤ ਚੋਣਾਂ ਜਲਦੀ ਕਰਵਾਈਆ ਜਾਣ ਤਾਂ ਕਿ ਨਵੇਂ ਬਣਨ ਵਾਲੇ ਪੰਚ ਸਰਪੰਚ ਆਪ ਪੁਲਸ ਵਧੀਕੀਆਂ ਨੂੰ ਝੱਲਦੇ ਫਿਰਨ ...[ਸਰਕਾਰ] ਸਿਰਫ਼ ਇਹ ਵੇਖ ਰਹੀ ਹੈ ਕਿ ਕੋਈ ਪੁਲਸ ਅਫਸਰ ਦਹਿਸ਼ਤਗਰਦਾਂ ਨੂੰ ਫੜਨ ਅਤੇ ਖਤਮ ਕਰਨ ਵਿਚ ਕਿਨਾ ਕਾਰਗਰ ਹੈ। ਅਜਿਹਾ ਕਰਦਿਆਂ ਆਮ ਲੋਕਾਂ ਨੂੰ ਤੰਗ ਕਰਨ ਦੀਆਂ ਸ਼ਿਕਾਇਤਾਂ ਨੂੰ ਵੀ ਨਜਰ ਅੰਦਾਜ ਕੀਤਾ ਜਾ ਰਿਹਾ ਹੈ। ਸਿਰਫ ਇਹ ਹੀ ਨਹੀਂ, ਜੇ ਕੋਈ ਪੁਲਸ ਅਫਸਰ ਦਹਿਸ਼ਤਗਰਦਾਂ ਦੇ ਮਾਮਲੇ ਵਿਚ ਚੰਗੇ ਸਿੱਟੇ ਦਿਖਾਉਂਦਾ ਹੈ ਤਾਂ ਉਸਨੂੰ ਰਿਸ਼ਵਤਖੋਰੀ ਦੀ ਵੀ ਖੁਲ੍ਹ ਹੈ......ਅੱਜ਼ ਕੱਲ ਪੰਜਾਬ ਵਿਚ ਪੁਲਸ ਦੀ ਪੂਰੀ ਚਲ ਰਹੀ ਹੈ। ਮਿਸਾਲ ਵਜੋਂ ਕੁਝ ਸਮਾਂ ਪਹਿਲਾਂ ਇਕ ਡਿਵੀਜ਼ਨਲ ਕਮਿਸ਼ਨਰ ਨੇ ਉੱਚ-ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਕਿ ਪੁਲਸ ਵਾਲੇ ਉਸਨੂੰ ਪੁਛਦੇ ਹੀ ਨਹੀਂ। ਜਾਪਦਾ ਹੈ ਕਿ ਪੁਲਸ ਨੂੰ ਦਿੱਤੀ ਗਈ ਖੁਲ੍ਹ ਦਾ ਕੁਝ ਪੁਲਸ ਅਫਸਰਾਂ ਨੇ ਇਹ ਅਰਥ ਲੈ ਲਿਆ ਹੈ ਕਿ ਜੇ ਉਹ 'ਕਤਲ' ਵੀ ਕਰ ਦੇਣ ਤਾਂ ਵੀ ਉਹਨਾਂ ਨੂੰ ਕੋਈ ਨਹੀਂ ਪੁੱਛਣ ਲੱਗਾ......

ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਨੇ ਜਿਲੇ ਅੰਦਰਲੀ ਇਸ ਹਾਲਤ ਬਾਰੇ ਸਰਕਾਰ ਨੂੰ ਇਕ ਨੋਟ ਲਿਖ ਕੇ ਭੇਜਿਆ ਸੀ। ਸਰਕਾਰ ਨੇ ਉਸੇ ਨੂੰ ਹੀ ਬਦਲ ਦਿੱਤਾ ਹੈ ਪਰ ਐਸ.ਐਸ.ਪੀ. (ਗੋਬਿੰਦ ਰਾਮ) ਨੂੰ ਛੂਹਿਆ ਤੱਕ ਨਹੀਂ।

ਦਹਿਸ਼ਤਗਰਦੀ ਤੋਂ ਸਭ ਤੋਂ ਵੱਧ ਪ੍ਰਭਾਵਤ ਮਾੜੇ

ਦੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲਿਆਂ ਦੇ ਲੋਕ ਆਪਣੇ ਲੜਾਕੂ ਗੁਣਾ ਕਰਕੇ ਇਤਿਹਾਸਕ ਤੌਰ'ਤੇ ਪ੍ਰਸਿਧ ਹਨ ਕਿਉਂਕਿ ਉਹ ਦੇਸ਼ 'ਤੇ ਹਮਲਾ ਕਰਨ ਵਾਲੇ ਲੋਕਾਂ ਦੇ ਰਾਹ ਵਿਚ ਪੈਂਦੇ ਰਹੇ ਹਨ। ਪਰ ਇਸਦਾ ਅਰਥ ਇਹ ਤਾਂ ਨਹੀਂ ਬਣਦਾ ਕਿ ਉਹਨਾਂ ਨੂੰ ਜ਼ੋਰ ਨਾਲ ਦਬਾ ਦਿੱਤਾ ਜਾਵੇ।

(ਵੀ. ਕੇ. ਦੇਥੇ)

ਟਾਈਮਜ਼ ਆਫ ਇੰਡੀਆ, 17 ਫਰਵਰੀ

ਸੁਰੇਂਦਰ ਅਵਸਥੀ—ਜਨਸੱਤਾ

ਬਟਾਲਾ ਪੁਲਿਸ ਜਿਲੇ 'ਚ ਹੋਈਆਂ ਵਧੀਕੀਆਂ ਨੂੰ ਸਰਕਾਰ ਨੇ ਅਣਡਿੱਠ ਕਰ ਦਿਤਾ ਹੈ ਅਤੇ ਅਖੌਤੀ ਜਾਂਚ ਪੜਤਾਲ ਦੀਆਂ ਰਿਪੋਰਟਾਂ ਵੀ ਰੱਦੀ ਦੀ ਟੋਕਰੀ 'ਚ ਸੁੱਟਣ ਦਾ ਪ੍ਰਬੰਧ ਕਰ ਲਿਆ ਹੈ। ਉੱਧਰ ਪੁਲਿਸ ਨੇ ਆਪਣਾ ਰੱਵਈਆਂ ਬਿਲਕੁਲ ਨਹੀਂ ਬਦਲਿਆ। ਜਦੋਂ ਦੋਸ਼ੀ ਨੂੰ ਪਤਾ ਲਗ ਜਾਵੇ ਕਿ ਉਸਨੂੰ ਉਸਦੇ ਕੀਤੇ ਦੀ ਸਜ਼ਾ ਨਹੀਂ ਮਿਲੇਗੀ ਤਾਂ ਉਸਦਾ ਹੌਂਸਲਾ ਬੁਲੰਦ ਹੋ ਜਾਂਦਾ ਹੈ। ਇਹ ਸਿਧਾਂਤ ਸਭ ਥਾਂ ਲਾਗੂ ਹੁੰਦਾ ਹੈ ਅਤੇ ਬਟਾਲਾ ਜਾਂ ਪੰਜਾਬ ਪੁਲਿਸ ਇਸ ਤੋਂ ਵੱਖਰੀ ਕਿਵੇਂ ਹੋ ਸਕਦੀ ਹੈ।

ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ ਨੇ 14 ਫਰਵਰੀ ਨੂੰ ਸ਼ੰਕਰਪੁਰ ਪਿੰਡ 'ਚ ਪੰਚਾਂ-ਸਰਪੰਚਾਂ ਅਤੇ ਮੋਹਿਤਬਰ ਤੇ ਆਮ ਸ਼ਹਿਰੀਆਂ ਦੇ ਜਲਸੇ 'ਚ ਭਰੋਸਾ ਜ਼ਰੂਰ ਦਿੱਤਾ ਸੀ ਕਿ ਉਨ੍ਹਾਂ 'ਤੇ ਹੋਈਆਂ ਵਧੀਕੀਆਂ ਦੀ ਜਾਂਚ ਕਰਵਾਈ ਜਾਵੇਗੀ ਅਤੇ ਸਰਪੰਚਾਂ ਦੇ ਗਰੁੱਪਾਂ ਨਾਲ ਬੰਦ ਕਮਰੇ 'ਚ ਮੁਲਾਕਾਤ ਕਰਨ ਤੋਂ ਬਾਦ ਭਰੀ ਸਭਾ 'ਚ ਮੰਨਿਆ ਸੀ ਕਿ ਪੁਲੀਸ ਦੇ ਕੰਮ ਕਾਰ ਵਿਚ ਬੁਨਿਆਦੀ ਤਬਦੀਲੀ ਕਰਨੀ ਪਵੇਗੀ ਤਾਂ ਕਿ ਨਿਰਦੋਸ਼ ਲੋਕਾਂ 'ਤੇ ਜ਼ੁਲਮ ਨਾ ਹੋਵੇ।

ਪਰ ਗਵਰਨਰ ਨੇ ਜਾਂਚ ਸੰਮਤੀਆਂ ਦੀ ਰਿਪੋਰਟਾਂ ਨੂੰ ਅਜੇ ਤੱਕ ਪਰੈਸ 'ਚ ਜਾਰੀ ਨਹੀਂ ਕੀਤਾ। ਖੁਲੇ ਸਮਾਜ ਵਿਚ ਰਿਪੋਰਟਾਂ ਨੂੰ ਹਵਾ ਤੱਕ ਨਾ ਦੇਣੀ ਸਰਕਾਰ ਦੇ ਬਾਰੇ ਭਰੋਸੇ 'ਤੇ ਸਵਾਲੀਆ ਚਿੰਨ ਲਾ ਦੇਂਦੀ ਹੈ। ਜਦੋਂ ਪੰਚਾਂ-ਸਰਪੰਚਾਂ ਨੇ ਸ਼ਰੇਆਮ ਭਰੀ ਸਭਾ 'ਚ ਪੁਲਿਸ ਦੇ ਵਿਰੁੱਧ ਦੋਸ਼ ਲਾਏ ਹੋਣ ਤਾਂ ਇਹ ਜਾਨਣਾ ਉਨ੍ਹਾਂ ਦਾ ਮੌਲਿਕ ਹੱਕ ਹੈ ਕਿ ਪੜਤਾਲ ਕਮੇਟੀਆਂ ਨੇ ਉਨ੍ਹਾਂ ਦੇ ਦੋਸ਼ਾਂ ਨੂੰ ਕਿਥੋਂ ਤਕ ਸਹੀ ਦੇਖਿਆ ਹੈ। ਇਸ 'ਤੇ ਵੀ ਵਿਅੰਗ ਇਹ ਹੈ ਕਿ ਪੜਤਾਲੀਆਂ ਕਮੇਟੀਆਂ ਨੂੰ ਅਣਗੌਲਿਆਂ ਕਰਦਿਆਂ ਹੋਇਆਂ ਪਲਿਸ ਮੁਖੀ ਕੇ. ਪੀ. ਐਸ ਗਿਲ ਨੇ ਪਹਿਲਾਂ ਹੀ 24 ਫਰਵਰੀ ਨੂੰ ਡੇਰਾ ਬਾਬਾ ਨਾਨਕ 'ਚ ਅਖੌਤੀ ਲੋਕ ਸ਼ਕਤੀ ਸਮਾਗਮ 'ਚ ਗੋਬਿੰਦ ਰਾਮ ਦੇ ਵਿਰੁੱਧ ਪੰਚਾਂ ਸਰਪੰਚਾਂ ਦੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਪੁਲਿਸ ਦੇ ਵਿਰੁੱਧ ਜਾਣ ਬੁਝਕੇ ਕੀਤੇ ਜਾ ਰਹੇ ਪਰਚਾਰ ਦਾ ਹਿੱਸਾ ਦਸਿਆ ਉਸਨੇ ਕਿਹਾ ਕਿ ਇਹ ਲੋਕ ਇਕ ਇਮਾਨਦਾਰ ਤੇ ਚਰਿਤਰਵਾਨ ਪੁਲਿਸ ਅਫਸਰ ਦੇ ਵਿਰੁੱਧ ਝੂਠਾ ਪਰਚਾਰ ਕਰ ਰਹੇ ਹਨ। ਭਾਵ ਰਿਪੋਰਟ ਆਉਣ ਤੋਂ ਪਹਿਲਾਂ ਹੀ ਕਲੀਨ ਚਿੱਟ ਮਿਲ ਗਈ।

ਇਸ ਤਰ੍ਹਾਂ ਲਗਦਾ ਹੈ ਕਿ ਬਟਾਲਾ ਪੁਲਿਸ ਨੇ ਬੇ ਐਲਾਨੀਆਂ ਉਪਰੇਸ਼ਨ ਵੁੱਡਰੋਜ਼ ਸ਼ੁਰੂ ਕਰ ਰਖਿਆ ਹੈ। ਵੱਡੇ ਪੈਮਾਨੇ 'ਤੇ ਲੋਕਾਂ ਨੂੰ ਹਿਸਾਸਤ 'ਚ ਲੈਣਾ ਪੁੱਛ ਪੜਤਾਲ ਕਰਨਾ। ਉਪਰੇਸ਼ਨ ਨੀਲਾ ਤਾਰਾ ਦੇ ਨਾਲ ਨਾਲ ਚੱਲੇ ਉਪਰੇਸ਼ਨ ਵੁਡਰੋਜ 'ਚ ਵੀ ਫੌਜ ਨੇ ਇਹੋ ਜਿਹੀ ਕਾਰਵਾਈ ਹੀ ਕੀਤੀ ਸੀ ਤਾਂ ਡਰਦੇ ਮਾਰੇ ਨੌਜਵਾਨ ਹੱਦ ਪਾਰ ਕਰ ਗਏ ਸਨ ਅਤੇ ਉਸਦਾ ਹੀ ਨਤੀਜਾ ਹੈ ਕਿ ਅਜੇ ਤੱਕ ਸਰਹੱਦੀ ਜ਼ਿਲ੍ਹਿਆਂ ਦੀ ਹਾਲਤ ਬੇਕਾਬੂ ਹੈ।

ਬਟਾਲਾ ਜ਼ਿਲੇ 'ਚ ਜਿਸ ਢੰਗ ਨਾਲ ਅੱਤਵਾਦੀਆਂ ਨਾਲ ਹੋਏ ਮੁਕਾਬਲਿਆਂ ਦਾ ਪਰਚਾਰ ਕੀਤਾ ਗਿਆ ਹੈ ਇਹ ਚੌਕਾਂ ਦੇਣ ਵਾਲਾ ਹੈ। ਬਟਾਲਾ ਪੁਲਿਸ ਜ਼ਿਲੇ ਵਿਚ ਕਾਲਾ ਅਫਗਾਨਾ ਪਿੰਡ ਦੇ ਨੇੜੇ 15-16 ਫਰਵਰੀ ਦੀ ਰਾਤ ਨੂੰ ਇਕ ਸ਼ਕਤੀਸ਼ਾਲੀ ਬਾਰੂਦੀ ਸੁਰੰਗ ਫੱਟਣ ਨਾਲ ਇਕ ਸਵਾਰੀ ਸਕੂਟਰ 'ਤੇ ਸਵਾਰ ਤਿੰਨ ਵਿਅਕਤੀ ਮਾਰੇ ਗਏ ਸਨ ਅਤੇ ਛੇ ਜ਼ਖਮੀ ਹੋਏ ਸਨ। ਅਗਲੇ ਹੀ ਦਿਨ ਬਟਾਲਾ ਜ਼ਿਲੇ ਦੇ ਪੁਲਿਸ ਮੁਖੀ ਨੇ ਦਾਅਵਾ ਕੀਤਾ ਕਿ ਇਹ ਬਾਰੂਦੀ ਸੁਰੰਗ ਵਿਛਾਉਣ ਵਾਲੇ ਬੱਬਰ ਖਾਲਸਾ ਦੇ 6 ਅੱਤਵਾਦੀ, ਸਾਬਕਾ ਸਿਪਾਹੀ ਗੁਰਮੇਜ ਸਿੰਘ ਗੇਜਾ, ਅਜੀਤ ਸਿੰਘ ਸਵਰਣ ਸਿੰਘ, ਦਿਆਲ ਸਿੰਘ, ਜਗਦੇਵ ਸਿੰਘ ਤੇ ਸੁਖਦੇਵ ਸਿੰਘ ਇਕ ਜਬਰਦਸਤ ਮੁਕਾਬਲੇ ਤੋਂ ਬਾਅਦ ਘੁੰਘਾ ਪਿੰਡ ਦੇ ਨੇੜੇ ਗਿਰਫਤਾਰ ਕਰ ਲਏ ਗਏ ਹਨ ਪੁਲਿਸ ਦਾ ਦਾਅਵਾ ਸੀ ਕਿ ਉਨ੍ਹਾਂ ਕੋਲੋਂ 5 ਰਾਕਟ, 1 ਰਾਕਟ ਲਾਂਚਰ, ਤਿੰਨ ਚਾਰਜਰ, 6 ਪੈਂਸਿਲ ਬੰਬ, 12 ਡੇਟੋਨੇਟਰ, 2 ਮੈਗਜੀਨਾਂ ਸਮੇਤ ਇਕ ਏ.ਕੇ. 47, 30 ਬੋਰ ਦੀ ਇਕ ਚੀਨੀ ਪਿਸ-ਤੌਲ, ਇਕ ਹੱਥ ਗੋਲਾ, ਵਿਸਫੋਟਕ ਪਦਾਰਥ ਦੇ ਸੱਤ ਪੈਕਟ ਅਤੇ ਢੇਰ ਸਾਰਾ ਗੋਲੀ ਸਿੱਕਾ ਬਰਾਮਦ ਕੀਤਾ ਗਿਆ ਹੈ ਨੇੜੇ ਤੇੜੇ ਦੇ ਪਿੰਡਾਂ 'ਚੋਂ ਪੁੱਛਣ 'ਤੇ ਪਤਾ ਲਗਾ ਕਿ ਉਥੇ ਕੋਈ ਮੁਕਾ-ਬਲਾ ਹੋਇਆ ਹੀ ਨਹੀਂ ਸੀ। ਅਜੀਬ ਗੱਲ ਇਹ ਸੀ ਕਿ ਏਨਾ ਅਸਲਾ ਹੋਣ ਦੇ ਬਾਵਜੂਦ ਅੱਤਵਾਦੀਆਂ ਨੇ ਆਤਮ ਸਮਰ-

ਪਣ ਕਿਉਂ ਕੀਤਾ ? ਅਸਲ ਵਿਚ ਮੁਕਾਬਲੇ ਵਰਗਾ ਕੁਝ ਹੋਇਆ ਹੀ ਨਹੀਂ ਸੀ।

ਜਿਸ ਦਿਨ ਗਵਰਨਰ ਨੇ ਸਰਪੰਚਾਂ ਨੂੰ ਮਿਲਣਾ ਸੀ ਸੀ ਉਸ ਤੋਂ ਇਕ ਦਿਨ ਪਹਿਲਾ ਬਟਾਲਾ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਬਟਾਲੇ 'ਚ ਇਕ ਮੁਕਾਬਲੇ 'ਚ ਭਿੰਡਰਾਂਵਾਲਾ ਟਾਈਗਰਜ਼ ਫੋਰਸ ਦਾ ਏਰੀਆ ਕਮਾਂਡਰ ਭੁਪਿੰਦਰ ਸਿੰਘ ਉਰਫ ਭਿੰਦਾ ਤੇ ਉਸਦਾ ਸਾਥੀ ਮਾਰੇ ਗਏ ਹਨ। ਸਚਾਈ ਇਹ ਸੀ ਕਿ ਭਿੰਦਾ ਤੇ ਉਸਦੇ ਸਾਥੀ ਨੂੰ ਉਨ੍ਹਾਂ ਦੇ ਹੀ ਦੂਸਰੇ ਸਾਥੀ ਨੇ ਮਜੀਠਾ ਪੁਲਿਸ ਜ਼ਿਲੇ ਦੇ ਪਿੰਡ ਸੁਧਾਰ 'ਚ ਮਾਰਿਆ ਸੀ। ਭਿੰਦੇ ਦਾ ਇਹ ਸਾਥੀ ਪੁਲਿਸ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਸੀ । ਪਰ ਬਟਾਲਾ ਪੁਲਿਸ ਮਰੇ ਅਤਿਵਾਦੀਆਂ ਦੀਆਂ ਲਾਸ਼ਾਂ ਪਹਿਲਾਂ ਸਵਾਰੀ ਸਕੂ-ਟਰ 'ਤੇ ਅਤੇ ਅਗੇ ਚਲਕੇ ਇਕ ਕਾਰ 'ਚ ਲੱਦ ਕੇ ਬਟਾਲਾ ਪੁਲਿਸ ਜਿਲੇ ਦੀ ਹੱਦ 'ਚ ਲੈ ਗਈ ਅਤੇ ਦਾਅਵਾ ਕਰ ਦਿੱਤਾ ਕਿ ਉਥੇ ਹੀ ਮੁਕਾਬਲਾ ਹੋਇਆ ਹੈ। ਜਾਣਕਾਰ ਸੂਤਰਾਂ ਅਨੁਸਾਰ ਮਜੀਠਾ ਪੁਲਿਸ ਜ਼ਿਲੇ ਦੇ ਮੁਖੀ ਨੇ ਇਕ ਗੁਪਤ ਪੱਤਰ ਲਿਖਕੇ ਵੱਡੇ ਅਫਸਰਾਂ ਕੋਲ ਸ਼ਿਕਾ-ਇਤ ਕੀਤੀ ਸੀ ਕਿ ਬਟਾਲਾ ਪੁਲਿਸ ਨੂੰ ਇਉਂ ਕਰਨ ਦੀ ਕੀ ਜ਼ਰੂਰਤ ਸੀ। ਭਿੰਦਾ ਅਤੇ ਉਸਦਾ ਸਾਥੀ ਦਿਨ ਦਿਹਾੜੇ ਮਾਰੇ ਗਏ ਸਨ। ਇਸ ਲਈ ਸਾਰੇ ਪਿੰਡ ਨੇ ਇਹ ਅਖੀਂ ਦੇਖਿਆ ਸੀ। ਇਹ ਗੱਲ ਹੌਲੀ ਹੌਲੀ ਸਾਰੇ ਇਲਾਕੇ 'ਚ ਫੈਲ ਗਈ। ਇਸ ਹਾਲਤ 'ਚ ਲੋਕ ਬਟਾਲਾ ਪੁਲਿਸ ਦੇ ਮੁਖੀ ਦੇ ਦਾਅਵੇ ਅਤੇ ਅਖੌਤੀ ਮੁਕਾਬਲੇ ਦੀ ਕਹਾਣੀ 'ਤੇ ਕਿਵੇਂ ਯਕੀਨ ਕਰ ਲੈਂਦੇ। (ਜਨ ਸੱਤਾ, 21 ਮਾਰਚ) ✠

ਆਰ. ਕੇ. ਮਿਸ਼ਰਾ, ਸੰਪਾਦਕ, ਪੈਟਰੀਆਟ

ਉਹਨਾਂ ਲਈ ਜਿਹੜੇ ਪੰਜਾਬ ਵਿਚ ਨਹੀਂ ਰਹਿੰਦੇ, ਇਹ ਜਾਨਣਾ ਸੰਭਵ ਹੀ ਨਹੀਂ ਜਾਂ ਉਹ ਇਹ ਸੋਚ ਹੀ ਨਹੀਂ ਸਕਦੇ ਕਿ ਪੰਜਾਬ ਦੇ ਲੋਕ ਕਿਸ ਹਾਲਤ 'ਚੋਂ ਗੁਜ਼ਰ ਰਹੇ ਹਨ। ਮੇਰੇ ਲਈ, ਜਿਸਨੇ ਪਿਛਲੇ ਹਫਤੇ 48 ਘੰਟੇ ਪੰਜਾਬ ਬਿਤਾਏ ਹਨ, ਇਹ ਦਹਿਸ਼ਤ, ਡਰ, ਸ਼ੱਕ ਅਤੇ ਬੇਗਾਨਗੀ ਦੀਆਂ ਕਈ ਪਰਤਾਂ ਦਾ ਸਾਹਮਣਾ ਸੀ। ਜਿਨ੍ਹਾਂ ਨੂੰ ਅਸੀਂ ਮਿਲੇ ਲਗਪਗ ਹਰ ਦੂਜੇ ਵਿਅਕਤੀ ਕੋਲ ਦੱਸਣ ਲਈ ਕੋਈ ਕਹਾਣੀ ਹੈ। ਤਸ਼ੱਦਦ ਅਤੇ ਪੈਸੇ ਬਟੋਰਨ ਦੀ ਕਹਾਣੀ। ਅੰਮ੍ਰਿਤਸਰ ਤੋਂ ਚੰਡੀਗੜ੍ਹ ਜਾਂਦਿਆਂ ਸਾਨੂੰ ਇਕ ਕਿਸਾਨ ਦਿੱਸਿਆ। ਜਿਉਂ ਹੀ ਅਸੀਂ ਖੜੇ ਹੋਏ— ਅਸੀਂ ਉਸ ਵੱਲ ਗਏ। ਕੁਝ ਸ਼ੱਕੀ ਦਹਿਸ਼ਤਗਰਦ, ਜਿਹੜੇ ਪੁਲੀਸ ਕੋਲੋਂ ਨੱਠ ਰਹੇ ਸਨ, ਆਪਣਾ ਸਾਈਕਲ ਉਸਦੇ ਖੇਤਾਂ 'ਚ ਸੁੱਟ ਗਏ ਅਤੇ ਨੱਠ ਗਏ। ਪੁਲੀਸ ਆਈ ਅਤੇ ਜ਼ਮੀਨ ਦੇ ਮਾਲਕ ਨੂੰ ਫੜ ਲਿਆ। ਜੇ ਸਾਈਕਲ ਤੇਰੇ ਖੇਤਾਂ ਚੋਂ ਮਿਲਿਆ ਹੈ ਤਾਂ ਤੂੰ ਜ਼ਰੂਰ ਹੀ ਇਸ ਖੇਤਰ ਦੇ ਦਹਿਸ਼ਤਗਰਦਾਂ ਦਾ ਸਾਥੀ ਹੋਵੇਂਗਾ। ਉਸਨੂੰ ਥਾਣੇ ਲਿਜਾ-ਗਿਆ ਅਤੇ ਉਸ, ਤੇ ਤਸ਼ੱਦਦ ਕੀਤਾ ਗਿਆ। ਉਸਦੇ ਪਿਤਾ ਨੇ ਪੁਲੀਸ ਨਾਲ ਬਹਿਸ ਕਰਨ ਦੀ ਕੋਸ਼ਿਸ਼ ਕੀਤੀ। ਉਸਦੇ ਚਾਚੇ ਨੇ ਉਸਨੂੰ ਛਡਵਾਉਣ ਲਈ ਬੇਨਤੀਆਂ ਕੀਤੀਆਂ। ਪਿੰਡ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਸੈਂਕੜੇ ਪੇਂਡੂ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਪੁਲਿਸ ਨੂੰ ਦਸਿਆ ਕਿ ਉਹ ਕਾਂਗਰਸ ਦਾ ਹਿਮਾਇਤੀ ਹੈ। ਉਹ ਪਰਿਵਾਰ ਨੂੰ ਜਾਣਦੇ ਹਨ। ਉਹ ਨਿਰਦੋਸ਼ ਹੈ, ਪਰ ਅਫਸਰ ਕੁਝ ਵੀ ਸੁਣਨ ਨੂੰ ਤਿਆਰ ਨਹੀਂ ਹੋਏ। ਬਿਲਕੁਲ ਕੋਰੇ ਡਰ ਚੋਂ ਚਾਚਾ ਬਾਹਰ ਨੱਠ ਗਿਆ ਅਤੇ ਜਾਂਦਾ-ਜਾਂਦਾ ਆਪਣੇ ਭਤੀਜੇ ਨੂੰ ਕਹਿ ਗਿਆ ਕਿ 'ਤੂੰ ਮੇਰੀ ਜ਼ਮੀਨ ਨੂੰ ਜਿਵੇਂ ਵਰਜੀ ਵਰਤ' ਪਰ ਜੇ ਤੂੰ ਬੱਚ ਸਕਿਆ ਤਾਂ ਤੂੰ ਵੀ ਬਾਹਰ ਨੱਠ ਜਾ।

ਇਹੋ ਜਿਹੀਆਂ ਅਨੇਕਾਂ ਘਟਨਾਵਾਂ ਦਰਜ ਕੀਤੀਆਂ ਜਾ ਸਕਦੀਆਂ ਹਨ। ਜ਼ੁਲਮ ਅਤੇ ਵਹਿਸ਼ਤ ਦੀਆਂ ਅਨੇਕਾਂ ਕਹਾਣੀਆਂ ਲਿਖੀਆਂ ਜਾ ਚੁਕੀਆਂ ਹਨ। ਪੰਜਾਬ ਵਿਚ ਪੁਲਿਸ ਜਬਰ ਆਪਣੇ ਸਭ ਹੱਦਾਂ ਬੰਨੇ ਟੱਪ ਗਿਆ ਹੈ। ਕਿਸੇ ਵੀ ਸਭਿਅਕ ਸਮਾਜ ਨੂੰ ਆਪਣੀ ਵਿੱਢੀ ਹੋਈ ਇਸ ਵਹਿਸ਼ਤ 'ਤੇ ਸ਼ਰਮ ਆਉਣੀ ਚਾਹੀਦੀ ਹੈ। ਇਹ ਰਾਈ ਦਾ ਪਹਾੜ ਨਹੀ। ਨਾ ਹੀ ਇਹ ਕਿਸੇ ਦੀ ਮਨੋਕਲਪਨਾ ਦਾ ਹਿੱਸਾ ਹੈ। ਨਾ ਹੀ ਇਹ ਕਿਸੇ ਮਕਸਦ ਲਈ ਕੀਤਾ ਜਾ ਰਿਹਾ ਪਰਚਾਰ ਹੈ। ਇਹ ਇਸ ਗੱਲ ਤੋਂ ਸਪਸ਼ਟ ਹੈ ਕਿ ਇਹ ਸ਼ਿਕਾਇਤਾਂ ਜਾਂ ਸਿਆਸੀ ਲੋਕਾਂ ਵਲੋਂ ਆਈਆਂ ਹਨ ਜਾਂ ਉਨ੍ਹਾਂ ਲੋਕਾਂ ਵਲੋਂ ਜਿਹੜੇ ਸ਼ਰੇਆਮ ਮੂਲਵਾਦ ਦੇ ਵਿਰੋਧੀ ਹਨ ਅਤੇ ਖਾਲਿਸਤਾਨ ਦੇ ਨਾਹਰੇ ਦਾ ਵਿਰਧ ਕਰਨ ਤੋਂ ਝਿਜਕਦੇ ਨਹੀਂ। ਇਹ ਇਸ ਤੋਂ ਵੀ ਸਿੱਧ ਹੁੰਦਾ ਹੈ ਕਿ ਇਹ ਦੋਸ਼ ਸਾਰੇ ਪੁਲਿਸ ਅਫਸਰਾਂ ਵਿਰੁੱਧ ਨਹੀਂ ਲਏ ਜਾ ਰਹੇ। ਸੱਚੀ ਗੱਲ ਇਹ ਹੈ ਕਿ ਤਸ਼ੱਦਦ ਦੇ ਇਹ ਦੋਸ਼ ਸਿਰਫ ਕੁਝ ਵੱਡੇ ਅਫਸਰਾਂ ਵਿਰੁੱਧ ਹੀ ਲਾਏ ਜਾ ਰਹੇ ਹਨ। ਪਰ ਉਹ ਸਰਬ ਸ਼ਕਤੀਮਾਨ ਲਗਦੇ ਹਨ। ਉਨ੍ਹਾਂ ਪੁਲਿਸ ਅਫਸਰਾਂ ਵਿਰੁੱਧ ਗੰਭੀਰ ਸ਼ਿਕਾਇਤਾਂ ਹਨ। ਇਹ ਗੱਲ ਆਮ ਜਾਣੀ ਜਾਂਦੀ ਹੈ ਕਿ ਉਨ੍ਹਾਂ ਵਿਚੋਂ ਇਕ ਨੇ ਆਪਣੇ ਕਾਤਲ ਗਰੋਹ ਜਥੇਬੰਦ ਕੀਤੇ ਹੋਏ ਹਨ। ਕੰਮ ਕਰਨ ਦਾ ਢੰਗ ਬੜਾ ਸਰਲ ਹੈ। ਪਹਿਲਾਂ ਉਹ ਕੁਝ ਨੌਜਵਾਨਾਂ ਨੂੰ ਗਰਿਫਤਾਰ ਕਰਦੇ ਹਨ। ਅਤੇ ਇਨ੍ਹਾਂ ਗੁਰੋਹਾਂ 'ਚ ਸ਼ਾਮਲ ਹੋਣ ਦੀ ਸਹਿਮਤੀ ਤਕ ਉਨ੍ਹਾਂ 'ਤੇ ਤਸ਼ੱਦਦ ਕਰਦੇ ਹਨ। ਜਦੋਂ ਉਹ ਕਾਤਲ ਗਰੋਹ ਹਥਿਆਰ ਮੰਗਦੇ ਹਨ ਤਾਂ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਉਹ ਉਵੇਂ ਹੀ ਹਥਿਆਰ ਪ੍ਰਾਪਤ ਕਰ ਸਕਦੇ ਹਨ ਜਿਵੇਂ ਦੂਜੇ ਦਹਿਸ਼ਤ ਗਰਦ ਕਰਦੇ ਹਨ, ਜਿਵੇਂ ਕਿ ਜਿਨ੍ਹਾਂ ਕੋਲ ਹਥਿਆਰ ਹਨ ਉਨ੍ਹਾਂ ਕੋਲੋਂ ਖੋਹ ਕੇ ਜਾਂ ਸਰਹੱਦ ਪਾਰੋਂ ਸਮਗਲ ਕਰਕੇ। ਉਨ੍ਹਾਂ ਨੂੰ ਦੂਜੇ ਦਹਿਸ਼ਤਗਰਦਾਂ ਵਾਂਗ ਪੈਸੇ ਖੋਹਣ ਲਈ ਵੀ ਸ਼ਹਿ ਦਿੱਤੀ ਜਾਂਦੀ ਹੈ। ਇਕ ਜ਼ਿੰਮੇ-ਵਾਰ ਵਿਅਕਤੀ ਨੇ ਮੈਨੂੰ ਦਸਿਆ ਕਿ ਇਹ ਗਰੋਹ ਬੇਕਸੂਰ ਲੋਕਾਂ 'ਤੇ ਤਸ਼ੱਦਦ ਕਰਨ ਦੀਆਂ ਭਿਆਨਕ ਘਟਨਾਵਾਂ ਲਈ ਜ਼ਿੰਮੇਵਾਰ ਹਨ। ਪਰਗਟ ਤੌਰ 'ਤੇ ਇਹ ਗੈਂਗ 'ਦਹਿਸ਼ਤ-ਗਰਦਾਂ' ਨੂੰ ਖਤਮ ਕਰਨ ਲਈ ਬਣਾਏ ਗਏ ਹਨ। ✠

ਪਾਠਕਾਂ ਦੀਆਂ ਚਿੱਠੀਆਂ

ਪਿਆਰੇ ਵੀਰ ਮਾਲਵਿੰਦਰ ਸਿੰਘ

ਪਿਆਰ ਭਰੀ ਗੁਰੂ ਫਤਿਹ । ਪੈਗਾਮ ਦੇ ਕੁਝ ਮਹੱਤਵਪੂਰਨ ਅੰਕ ਭੇਜਣ ਦੀ ਕਿਰਪਾਲਤਾ ਕਰਨੀ । ਮੌਜੂਦਾ ਸਿੱਖ ਸੰਘਰਸ਼ ਬਾਰੇ ਛਪਿਆ ਹੋਰ ਸਾਹਿਤ ਵੀ ਭੇਜ ਸਕੋ ਤਾਂ ਮੈਂ ਧੰਨਵਾਦੀ ਹੋਵਾਂਗਾ । ਸਾਡੇ ਕੁਝ ਸਾਥੀਆਂ ਨੇ ਮੇਰੀ ਜ਼ੇਲ੍ਹ ਦੀ ਜ਼ਿੰਦਗੀ ਦੌਰਾਨ ਲਿਖੀਆ ਕੁਝ ਨਜ਼ਮਾਂ ਦਾ ਇਕ ਸੰਗ੍ਰਹਿ ਛਾਪਿਆ ਹੈ । ਉਹ ਤੁਹਾਨੂੰ ਭਿਜਵਾ ਦਿਆਂਗਾ । ਸਾਹਿਤਕ ਅਦਾਨ-ਪਰਦਾਨ ਚੰਗੇ ਸੰਬੰਧਾਂ ਦੀ ਬੁਨਿਆਦ ਬਣ ਸਕਦਾ ਹੈ । ਮੇਰੇ ਖਿਆਲ ਵਿਚ ਵਿਚਾਰਧਾਰਕ ਮਤ-ਭੇਦਾਂ ਦੇ ਬਾਵਜੂਦ ਇਕੋ ਦਿਸ਼ਾ ਵਲ ਵੱਧਦੇ ਹੋਏ ਲੋਕ ਇਕੱਠੇ ਤੁਰ ਸਕਦੇ ਹਨ । ਸਾਡੀ ਤਹਿਰੀਕ ਵਿਚ ਸਹਿ-ਹੋਂਦ ਦੇ ਜਜ਼ਬੇ ਦੀ ਕਮੀ ਬਹੁਤ ਹੈ ਪਰ ਜੇ ਮੰਜਲ 'ਤੇ ਪਹੁੰਚਣਾ ਹੈ ਤਾਂ ਇਹ ਪੈਦਾ ਕਰਨਾ ਹੀ ਪਵੇਗਾ । ਸਹਿਹੋਂਦ ਦੇ ਜਜ਼ਬੇ ਦੀ ਅਣਹੋਂਦ ਵਿਚ ਸਾਡੀ ਲੜਾਈ ਗਰੋਹੀ ਕਤਲੋਗਾਰਤ ਬਣ ਕੇ ਰਹਿ ਜਾਵੇਗੀ ਤੇ ਇਹੀ ਗੱਲ ਸਾਡਾ ਦੁਸ਼ਮਣ ਚਾਹੁੰਦਾ ਹੈ ।

ਆਪ ਨੇ ਸਿੱਖ ਸਮੱਸਿਆ ਬਾਰੇ ਆਪਣੇ ਵਿਚਾਰ ਪੰਜਾਬ ਅਤੇ ਖ਼ਾਸ ਕਰਕੇ ਸਿੱਖ ਜਗਤ ਨਾਲ ਸਾਂਝੇ ਕਰਨ ਵੱਲ ਹੋਰ ਵਧੇਰੇ ਤਵੱਜੋਂ ਦੇਣ ਬਾਰੇ ਸੁਝਾਅ ਦਿੱਤਾ ਹੈ । ਮੇਰੇ ਵੀਰ, ਜ਼ੇਲ੍ਹ ਦੀ ਜ਼ਿੰਦਗੀ ਦੀਆਂ ਆਪਣੀਆਂ ਮਜ਼ਬੂਰੀਆਂ ਹਨ ਪਰ ਫਿਰ ਵੀ ਜਿਸ ਹੱਦ ਤੱਕ ਹੋ ਸਕਦਾ ਹੈ, ਕੋਸ਼ਿਸ਼ ਕਰਦਾ ਹਾਂ । ਇਸ ਵੇਲੇ ਮੈਂ ਆਪ ਨੂੰ ਜੋ ਚਿੱਠੀ ਲਿਖ ਰਿਹਾ ਹਾਂ, ਮੈਨੂੰ ਨਹੀਂ ਪਤਾ ਕਿ ਆਪ ਨੂੰ ਇਹ ਪੋਸਟ ਹੋ ਸਕੇਗੀ ਜਾਂ ਨਹੀਂ ? ਜੇ ਹੋ ਜਾਵੇਗੀ ਤਾਂ ਪਹੁੰਚੇਗੀ ਵੀ ਜਾਂ ਨਹੀਂ ? ਸਾਢੇ ਸੱਤ ਸਾਲ ਹੋ ਗਏ ਹਨ ਜ਼ੇਲ੍ਹ ਵਿਚ ਬੈਠਿਆਂ, ਲਹਿਰ ਨਾਲ ਸਿੱਧਾ ਰਾਬਤਾ ਨਹੀਂ ਹੈ । ਅਸਿੱਧਾ ਰਾਬਤਾ ਹੈ, ਚਿੱਠੀਆਂ-ਪੱਤਰਾਂ ਅਤੇ ਪਰਚਿਆਂ ਰਾਹੀਂ । 'ਸੰਪਰਕ' ਅਤੇ 'ਸੰਤ ਸਿਪਾਹੀ' ਨੇ ਲੋਕਾਂ ਨਾਲ ਵਿਚਾਰ ਸਾਂਝੇ ਕਰਨ ਵਿਚ ਪਿਛਲੇ ਕੁਝ ਅਰਸੇ ਵਿਚ ਕਾਫੀ ਮਦਦ ਕੀਤੀ ਹੈ । ਹੋਰ ਸਭ ਚੜ੍ਹਦੀ ਕਲਾ ਹੈ । ਇਥੇ ਸਭ ਸਾਥੀ ਚੜ੍ਹਦੀ ਕਲਾ 'ਚ ਹਨ । ਮੇਰੇ ਅਤੇ ਸਾਥੀਆਂ ਵੱਲੋਂ ਆਪ ਸਭ ਦੋਸਤਾਂ ਮਿੱਤਰਾਂ ਸਾਥੀਆਂ ਨੂੰ ਫਤਿਹ ਪਹੁੰਚੇ ।

ਗਜਿੰਦਰ ਸਿੰਘ,

ਸੈਂਟਰਲ ਜ਼ੇਲ੍ਹ, ਕੋਟ ਲਖਪਤ, ਲਾਹੌਰ

ਪਿਆਰੇ ਵੀਰ ਜੀ,

ਅਸੀਂ ਤੁਹਾਨੂੰ ਇਹ ਖਤ ਪਹਿਲੀ ਵਾਰ ਪਾਉਣ ਲੱਗੇ ਹਾਂ ਕਿਉਂਕਿ ਪਹਿਲਾਂ ਸਾਨੂੰ ਪਤਾ ਨਹੀਂ ਸੀ ਕਿ ਕੋਈ ਸਾਡੇ ਬਾਰੇ ਵੀ ਸੋਚ ਸਕਦਾ ਹੈ । ਤੁਹਾਡਾ ਪਤਾ ਸਾਨੂੰ ਸੈਂਟਰਲ ਜ਼ੇਲ੍ਹ ਲੁਧਿਆਣਾ ਵਿੱਚੋਂ ਲਗਿਆ । ਸਾਡੇ ਉਪਰ 3/4 ਲੱਗੀ ਹੋਈ ਸੀ । ਜ਼ੇਲ੍ਹ ਵਿਚ ਸਾਨੂੰ ਤੁਹਾਡੀ ਪਾਰਟੀ ਦਾ ਮੈਂਬਰ ਮਿਲ ਗਿਆ । ਉਸ ਉਪਰ ਵੀ 3/4 ਲੱਗੀ ਹੋਈ ਸੀ । ਉਸਨੇ ਤੁਹਾਡੇ ਬਾਰੇ ਜਾਣਕਾਰੀ ਦਿੱਤੀ ।

6 ਮਹੀਨੇ ਜ਼ੇਲ੍ਹ ਵਿਚ ਕੱਟੇ ਹਨ । ਪੁਲਿਸ ਨੇ ਵੀ ਬਹੁਤ ਤਸ਼ੱਦਦ ਕੀਤਾ । ਹੁਣ ਮੈਂ ਜ਼ਮਾਨਤ 'ਤੇ ਆਇਆ ਹਾਂ । ਨਾ ਮੈਂ ਕੋਈ ਕੰਮ ਕਰ ਸਕਦਾ ਹਾਂ, ਨਾ ਕਿਸੇ ਪਾਸੇ ਜਾ ਸਕਦਾ ਹਾਂ । ਜੇ ਸਾਡੇ ਏਰੀਏ ਵਿਚ ਕੋਈ ਵਾਰਦਾਤ ਹੋ ਜਾਂਦੀ ਹੈ ਤਾਂ ਪੁਲਿਸ ਸਾਨੂੰ ਲੈ ਜਾਂਦੀ ਹੈ । ਪੈਸੇ ਲੈਣ ਤੋਂ ਬਿਨਾਂ ਛੱਡਦੀ ਨਹੀਂ ।

ਪੁਲਿਸ ਵਾਲੇ ਕਹਿੰਦੇ ਹਨ ਕਿ ਪਿੰਡ ਰਹਿਣਾ ਹੈ, ਕਿਸੇ ਪਾਸੇ ਜਾਣਾ ਨਹੀਂ । ਪਰ ਪਿੰਡ ਵਿਚ ਦਿਹਾੜੀ ਮਜ਼ਦੂਰੀ ਵੀ ਨਹੀਂ ਮਿਲਦੀ । ਵੀਰ ਜੀ, ਮੈਂ ਬੱਚਿਆਂ ਨੂੰ ਕੀ ਕਰਕੇ ਖੁਆਵਾਂ । ਮੇਰੇ ਕੋਲ ਕੋਈ ਜ਼ਮੀਨ ਨਹੀਂ, ਜਾਇਦਾਦ ਨਹੀਂ । ਸਾਡੇ ਲੋਕਾਂ ਕੋਲ ਮਜ਼ਦੂਰੀ ਤੋਂ ਬਿਨਾ ਹੋਰ ਕੋਈ ਕੰਮ ਵੀ ਨਹੀਂ ਹੁੰਦਾ । ਤੁਹਾਨੂੰ ਪਤਾ ਹੈ ਅੱਜ-ਕਲ੍ਹ ਕਿੰਨੀ ਮਹਿੰਗਾਈ ਹੈ । ਮੇਰੇ 'ਤੇ ਚਾਰ ਕੇਸ ਚਲਦੇ ਹਨ । ਤਰੀਕ 'ਤੇ ਵੀ ਜਾਣਾ ਹੁੰਦਾ ਹੈ । ਹੋਰ ਬੱਚਿਆਂ ਦਾ ਵੀ ਖਰਚਾ ਹੈ । ਮੈਂ ਲੁਧਿਆਣੇ ਹੌਜਰੀ ਵਿਚ ਕਢਾਈ ਦਾ ਕੰਮ ਕਰਦਾ ਸੀ । ਪੁਲਿਸ ਮੇਰੀਆਂ ਮਸ਼ੀਨਾਂ ਦੇ ਵੀ ਪੈਸੇ ਲੈ ਕੇ ਖਾ ਗਈ ਹੈ । ਮਸ਼ੀਨਾਂ ਦੇ ਬਿਨਾਂ ਮੈਂ ਉਹ ਵੀ ਕੰਮ ਨਹੀਂ ਕਰ ਸਕਦਾ । ਤੁਸੀਂ ਦੱਸੋ ਅਸੀਂ ਕਿੱਥੇ ਜਾਈਏ ? ਅਸੀਂ ਬਹੁਤ ਮਜ਼ਬੂਰ ਹਾਂ । ਤੁਹਾਨੂੰ ਖਤ ਪਾਉਣ ਦਾ ਮੇਰਾ ਮਕਸਦ ਸਿਰਫ ਏਨਾ ਹੈ ਕਿ ਮੈਂ ਮੌਤ ਚਾਹੁੰਦਾ ਹਾਂ । ਅਸੀਂ ਮੌਤ ਤਾਂ ਲੈਣੀ ਹੈ ਜੇ ਤੁਸੀਂ ਸਾਨੂੰ ਕੋਈ ਸੇਵਾ ਬਖਸ਼ੋਗੇ ਤਾਂ ਕਿ ਸਾਡੀ ਮੌਤ ਵੀ ਕੋਈ ਚੰਗੇ ਪਾਸੇ ਹੋ ਜਾਵੇ ਜਿਸ ਨਾਲ ਸਾਡੇ ਨੌਜਵਾਨਾਂ ਨੂੰ ਵੀ ਪਤਾ ਲੱਗ ਜਾਵੇ ਕਿ ਇਸ ਆਦਮੀ ਦੀ ਮੌਤ ਕਿਸੇ ਗਰੀਬ ਲਈ ਜਾਂ ਕੌਮ ਲਈ ਹੋਈ ਹੈ । ਸੋ ਮੈਂ ਤੁਹਾਡੇ ਕੋਲੋਂ ਸਿਰਫ ਇਕ ਮੌਤ ਦਾ ਰਾਹ ਪੁਛਦਾ ਹਾਂ ਕਿ ਮੈਂ ਕਿਸ ਰਸਤੇ ਚਲਾਂ ਕਿ ਮੇਰੇ ਖੂਨ ਦੀ ਇਕ-ਇਕ ਬੂੰਦ ਤੁਹਾਡੀ ਪਾਰਟੀ, ਗਰੀਬਾਂ ਦੀ ਪਾਰਟੀ ਦੇ ਕੰਮ ਆਵੇ । ਮੈਂ ਮੌਤ ਦਾ ਰਾਹ ਸਿਰਫ ਤੁਹਾਡੇ ਕੋਲੋਂ ਪੁਛਣਾ ਹੈ ਹੋਰ ਕਿਸੇ

ਕੱਲੋਂ ਨਹੀਂ। ਪਹਿਲਾਂ ਮੈਂ ਗਲਤ ਕੰਮ ਕਰ ਬੈਠਾਂ ਹਾਂ ਜਾਂ ਤੁਸੀਂ ਸਮਝੋ ਕਿ ਅਸੀਂ ਗਲਤ ਆਦਮੀਆਂ ਨਾਲ ਬੈਠਦੇ ਸੀ। ਮੈਂ ਆਸ ਕਰਦਾ ਹਾਂ ਕਿ ਤੁਸੀਂ ਮੇਰੀ ਫਰਿਆਦ ਜ਼ਰੂਰ ਸੁਣੋਂਗੇ। ਜਿਸ ਦਿਨ ਦਾ ਤੁਹਾਡਾ ਮੈਂਬਰ ਲੁਧਿਆਣੇ ਜੇਲ੍ਹ ਵਿਚ ਮਿਲਿਆ, ਉਸ ਨਾਲ ਗੱਲਬਾਤ ਹੋਈ, ਮੇਰਾ ਇਕ-ਇਕ ਸੁਆਸ ਤੁਹਾਡੀ ਪਾਰਟੀ ਦੀ ਸੇਵਾ ਕਰਨ ਦੀ ਉਡੀਕ ਕਰ ਰਿਹਾ ਹੈ। ਮੈਨੂੰ ਉਮੀਦ ਹੈ ਕਿ ਤੁਸੀਂ ਇਕ ਗਰੀਬ ਦੀ ਸੇਵਾ ਮਨਜ਼ੂਰ ਕਰੋਗੇ। ਮੈਂ ਇਕ ਭੁਲਿਆ ਭਟਕਿਆ ਹੋਇਆ ਗਰੀਬ ਹਾਂ।

ਦਲੀਪ ਸਿੰਘ, ਰਮਦਾਸੀਆ ਸਿੱਖ (ਲੁਧਿਆਣਾ)

✠

ਮਾਨਯੋਗ ਸੰਪਾਦਕ ਜੀ,

ਜੈ ਭੀਮ

ਜਨਤਕ ਪੈਗਾਮ ਵਿਚ ਤੁਸਾਂ ਸ਼ੰਕਾ ਪਰਗਟ ਕੀਤਾ ਹੈ ਕਿ ਬਾਬੂ ਕਾਸ਼ੀ ਰਾਮ ਕਾਂਗਰਸ ਨਾਲ ਗੱਠਜੋੜ ਕਰ ਰਿਹਾ ਹੈ ਅਤੇ ਨਾਲ ਹੀ ਖਾਹਸ਼ ਪਰਗਟ ਕੀਤੀ ਹੈ ਕਿ ਕਾਸ਼ੀ ਰਾਮ ਨੂੰ ਕਾਂਗਰਸ ਨਾਲ ਕਿਸੇ ਤਰ੍ਹਾਂ ਦਾ ਕੋਈ ਗਠਜੋੜ ਬਣਾ ਕੇ ਕਿਸੇ ਤਰ੍ਹਾਂ ਦਾ ਲਾਭ ਲੈਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸਾਥੀਓ, ਅਸੀਂ ਬਹੁਤ ਕੁਝ ਨਾ ਕਹਿ ਕੇ ਸਿਰਫ ਏਹੀ ਕਹਿਣਾ ਚਾਹਾਂਗੇ ਕਿ ਕਾਸ਼ੀ ਰਾਮ ਜਾਣਦਾ ਹੈ ਕਿ ਕਾਂਗਰਸ ਇਕ ਜਲਦਾ ਹੋਇਆ ਘਰ ਹੈ, ਜੋ ਵੀ ਇਸ ਵਿਚ ਸ਼ਾਮਲ ਹੋਵੇਗਾ, ਉਹ ਭਸਮ ਹੋ ਜਾਵੇਗਾ। ਇਹ ਸ਼ਬਦ ਮਹਾਨ ਕਰਾਂਤੀਕਾਰੀ ਫਿਲਾਸਫਰ ਬਾਬਾ ਸਾਹਿਬ ਅੰਬੇਡਕਰ ਦੇ ਹਨ ਜਿਹਨਾਂ ਨੂੰ ਕੋਈ ਝੂਠਾ ਸਾਬਤ ਨਹੀਂ ਕਰ ਸਕਦਾ। ਇਹ ਗੱਲ ਕਾਸ਼ੀ ਰਾਮ ਮੰਨ ਕੇ ਚਲਿਆ ਹੈ। ਸਿਆਸੀ ਸਰਗਰਮੀਆਂ ਕੀ ਹੁੰਦੀਆਂ ਹਨ, ਇਹ ਸਮਝਣਾ ਹਰ ਲੱਲੀ-ਛੱਲੀ ਦਾ ਕੰਮ ਨਹੀਂ।

ਸਾਡਾ ਦਲਿਤਾਂ ਦਾ ਆਪਣੇ ਰਹਿਬਰ 'ਤੇ ਪੂਰਨ ਭਰੋਸਾ ਹੈ ਕਿ ਉਹ ਭਾਰਤ ਦੇ 75 ਫੀ ਸਦੀ ਦਲਿਤਾਂ ਦਾ ਹੀ ਨਹੀਂ, ਸਗੋਂ ਧਾਰਮਿਕ ਘੱਟ-ਗਿਣਤੀਆਂ ਦਾ ਵੀ ਮੁਕਤੀਦਾਤਾ ਬਣੇਗਾ ਅਤੇ ਗ਼ੁਲਾਮੀ ਦੀਆਂ ਜ਼ੰਜੀਰਾਂ ਹਮੇਸ਼ਾ-ਹਮੇਸ਼ਾ ਲਈ ਤੋੜ ਦੇਵੇਗਾ। ਅਸੀਂ ਅਜਿਹੇ ਰਾਜ ਦੀ ਸਥਾਪਨਾ ਲਈ ਸੰਘਰਸ਼ ਕਰ ਰਹੇ ਹਾਂ ਜਿਥੇ ਨਾ ਕੋਈ ਦਲਿਤ ਸਮੱਸਿਆ ਹੋਵੇਗੀ, ਨਾ ਸਿੱਖ ਸਮੱਸਿਆ, ਨਾ ਮੁਸਲਮਾਨ ਸਮੱਸਿਆ ਅਤੇ ਨਾ ਹੀ ਹਿੰਦੂ ਸਮੱਸਿਆ। ਸਾਡਾ ਵਿਸ਼ਵਾਸ ਹੈ ਕਿ ਕਾਸ਼ੀ ਰਾਮ ਦੀ ਅਗਵਾਈ ਵਿਚ ਭਾਰਤ ਦੇ ਦਲਿਤ ਅਤੇ ਲੁੱਟੇ ਜਾ ਰਹੇ ਲੋਕ ਹਰ ਹਾਲਤ ਮੁਕਤੀ ਪਾ ਸਕਣਗੇ। ਕਦੋਂ ਕੀ ਕਰਨਾ ਹੈ ? ਕੀ ਕਹਿਣਾ ਹੈ ? ਕਿਉਂ ਕਹਿਣਾ ਹੈ ? ਕਿਸ ਵਾਸਤੇ ਕਹਿਣਾ ਹੈ ? ਇਹ ਗੱਲ ਸਾਡਾ ਰਹਿਬਰ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ। ਸਾਨੂੰ ਉਸ ਵਿਚ ਰੱਤੀ ਭਰ ਵੀ ਬੇਭਰੋਸਗੀ ਨਹੀਂ ਹੈ। ਅਸੀਂ ਜ਼ਰੂਰ ਜਿਤਾਂਗੇ। ਸਾਨੂੰ ਆਪਣੇ ਰਹਿਬਰ ਵਿਚ ਕਿਸੇ ਵੀ ਕਿਸਮ ਦੇ ਰੱਬ ਤੋਂ ਵੱਧ ਭਰੋਸਾ ਹੈ।

ਬਹੁਜਨ ਸਮਾਜ ਪਾਰਟੀ ਦਾ ਵਰਕਰ
ਪਿੰਡ ਮਚਾਕੀ ਮੱਲ ਸਿੰਘ (ਫਰੀਦਕੋਟ)

✠

ਪਿਆਰੇ ਵੀਰ ਜੀ

ਲਾਲ ਸਲਾਮ। ਜਨਵਰੀ 1989 ਦੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਭਾਵ ਸਤਵੰਤ ਸਿੰਘ ਹੋਰਾਂ ਦੀ ਫਾਂਸੀ ਤੋਂ ਲੈ ਕੇ ਸਰਕਾਰ ਨੇ ਸਿੱਖ ਖਾੜਕੂਆਂ ਦੀ ਝੂਠੇ ਮੁਕਾਬਲਿਆਂ ਰਾਹੀਂ ਅੰਨੇਵਾਹ ਕਤਲੇਆਮ ਦੀ ਮੁਹਿੰਮ ਵਿੱਢ ਰਖੀ ਹੈ। ਅਖਬਾਰਾਂ, ਰੇਡੀਓ ਅਤੇ ਟੈਲੀਵੀਯਨ ਤੋਂ ਖਾੜਕੂਆਂ ਦੇ ਕਤਲੇਆਮ ਦੀਆਂ ਖਬਰਾਂ ਸੁਣਕੇ ਹੀ ਸਰਕਾਰ ਪੱਖੀ ਸਿੱਖ ਬਾਘੀਆਂ ਪਾਉਂਦੇ ਹਨ। ਇਹ ਸਾਰਾ ਕੁਝ ਦੇਖ ਕੇ ਹਰ ਸੱਚੇ ਸਿੱਖ ਜਾਂ ਸੱਚੇ ਇਨਕਲਾਬੀ ਦਾ ਖੂਨ ਉਬਾਲੇ ਖਾ ਉੱਠਦਾ ਹੈ। ਉਹ ਦੇਖਦਾ ਹੈ ਕਿ ਕਿਵੇਂ ਇਹ ਲੋਕ ਕੇਂਦਰ ਦੇ ਇਸ਼ਾਰਿਆਂ 'ਤੇ ਨੱਚ ਰਹੇ ਹਨ। ਜੇਕਰ ਅਜਿਹੇ ਲੋਕ ਖਾੜਕੂਆਂ ਦੇ ਗੁੱਸੇ ਦਾ ਸ਼ਿਕਾਰ ਹੋ ਜਾਣ ਤਾਂ ਇਹਨਾਂ ਨੂੰ ਨਿਰਦੋਸ਼ਾਂ ਦੀ ਕਤਾਰ ਵਿਚ ਖੜਾਉਣਾ ਗਲਤ ਹੈ। ਅੱਜ ਸਮੁੱਚੇ ਬਹਾਦਰ ਪੰਜਾਬੀਆਂ ਨੂੰ ਇਸ ਹਨੇਰ ਗਰਦੀ ਵਿਰੁਧ ਇਕ-ਮੁੱਠ ਹੋ ਕੇ ਐਕਸ਼ਨ ਲੈਣਾ ਚਾਹੀਦਾ ਹੈ। ਪੰਜਾਬ ਅੰਦਰ ਸੁਤੰਤਰ ਰਾਜ ਜਾਂ ਖਾਲਸੇ ਦੇ ਰਾਜ ਦੀ ਪ੍ਰਾਪਤੀ ਲਈ ਹਜ਼ਾਰਾਂ ਹੀ ਸਿੰਘਾਂ ਨੇ ਸ਼ਹੀਦੀ ਜਾਮ ਪੀ ਲਏ। ਕਈ ਜਥੇ-ਬੰਦੀਆਂ ਇਸ ਲਹਿਰ ਨੂੰ ਖਤਮ ਕਰਕੇ ਦੁਬਾਰਾ ਨਵੀਂ ਲਹਿਰ ਚਲਾਉਣ ਦੀ ਸੋਚ ਰਹੀਆ ਹਨ। ਕੀ ਇਹ ਠੀਕ ਹੈ ਜਾਂ ਗਲਤ ? ਇਸ ਦਾ ਜਵਾਬ ਗਲਤ ਵਿਚ ਮਿਲੇ ਤਾਂ ਠੀਕ ਹੈ। ਅੱਜ ਲੋੜ ਤਾਂ ਇਸ ਗੱਲ ਦੀ ਹੈ ਕਿ ਇਸ ਲਹਿਰ ਨੂੰ ਸਹਿਯੋਗ ਦੇ ਕੇ ਦਰੁਸਤ ਸੇਧ 'ਤੇ ਲਿਆਂਦਾ ਜਾਵੇ।

ਬਲਵਿੰਦਰ ਸਿੰਘ, ਜਰਨੈਲ ਸਿੰਘ, ਜਸਵੰਤ ਸਿੰਘ,
ਪਿੰਡ ਬਦਰਾ (ਸੰਗਰੂਰ)

✠

ਸੰਪਾਦਕ ਵੀਰ ਮਾਲੀ ਜੀ,

ਬੰਗਾਲ ਦੇ ਦਾਰਜਲਿੰਗ ਜਿਲੇ ਵਿਚ ਮਹਾਨ ਯੋਧੇ ਕਾਮਰੇਡ ਚਾਰੂ ਮਜੂਮਦਾਰ ਦੀ ਅਗਵਾਈ ਹੇਠ ਉਠੀ ਨਕਸਲਬਾੜੀ ਲਹਿਰ ਇਕ ਮਹਾਨ ਕਿਸਾਨ ਬਗਾਵਤ ਸੀ।

ਨਕਸਲਾਈਟਾਂ ਨੇ ਕਿਸਾਨਾਂ ਤੇ ਮਜ਼ਦੂਰਾਂ ਦੀ ਹਕੂਮਤ ਸਥਾਪਤ ਕਰਨ ਲਈ ਜਾਨਾਂ ਦੀਆਂ ਬਾਜੀਆ ਲਾ ਦਿੱਤੀਆਂ। ਜ਼ਾਲਮ ਹਕੂਮਤ ਨੇ ਕਾਮਰੇਡ ਚਾਰੂ ਮਜੂਮਦਾਰ ਨੂੰ ਗਰਿਫ-ਤਾਰ ਕਰਕੇ, ਅੰਤਾਂ ਦੇ ਤਸੀਹੇ ਦੇਣ ਤੋਂ ਬਾਅਦ ਸ਼ਹੀਦ ਕਰ ਦਿੱਤਾ। ਪੁਲਸ-ਫੌਜ ਅਤੇ ਆਪਣੇ ਪਰਚਾਰ ਸਾਧਨਾਂ ਰਾਹੀਂ ਲਹਿਰ ਨੂੰ ਇਕ ਵੱਡੀ ਸੱਟ ਮਾਰੀ। ਪਰਚਾਰ ਸਾਧਨਾਂ ਰਾਹੀਂ ਇਹਨਾਂ ਨੂੰ ਦਹਿਸ਼ਤਗਰਦ ਅਤੇ ਅੱਤਵਾਦੀ ਆਦਿ ਕਿਹਾ। ਝੂਠੇ ਪੁਲਸ ਮੁਕਾਬਲਿਆਂ ਰਾਹੀਂ ਸ਼ਹੀਦ ਕੀਤਾ। ਨਕਸਲਾਈਟਾ ਨੂੰ ਸ਼ਹੀਦ ਕਰਨ ਵਿਚ ਅਕਾਲੀ ਆਗੂਆਂ ਨੇ ਹਾਕਮਾਂ ਦਾ ਹੱਥ ਵਟਾਇਆ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਸੁੱਤੀ ਕੌਮ ਨੂੰ ਜਗਾਇਆ। ਗੁਲਾਮੀ ਦਾ ਅਹਿਸਾਸ ਕਰਵਾਇਆ ਅਤੇ ਆਜ਼ਾਦੀ ਲਈ ਹਥਿਆਰਬੰਦ ਬਗਾਵਤ ਦੀ ਅਗਵਾਈ ਕੀਤੀ। ਨਕਸਲਬਾੜੀ ਲਹਿਰ ਤੋਂ ਬਾਅਦ ਸਰਕਾਰ ਨੂੰ ਇਕ ਵਾਰ ਫਿਰ ਹੱਥਾਂ ਪੈਰਾਂ ਦੀ ਪੈ ਗਈ। ਸਿੱਖ ਖਾੜਕੂ ਲਹਿਰ ਨਕਸਲਬਾੜੀ ਲਹਿਰ ਦਾ ਬਦਲਿਆ ਹੋਇਆ ਰੂਪ ਹੀ ਹੈ। ਦੁਨੀਆਂ ਭਰ ਦੀਆਂ ਇਨਕਲਾਬੀ ਜਥੇਬੰਦੀਆਂ ਇਸ ਦੀ ਹਮਾਇਤ ਕਰਦੀਆਂ ਹਨ। ਬਿਨਾਂ ਸ਼ੱਕ ਲਹਿਰ ਵਿਚ ਕੁਝ ਕਮਜ਼ੋਰੀਆਂ ਜਰੂਰ ਹਨ ਪਰ ਸਮੇਂ ਦੇ ਦੌਰ ਮੁਤਾਬਕ ਇਨਕਲਾਬੀ ਜ਼ਥੇਬੰਦੀਆਂ ਨੂੰ ਗਲਤ ਐਕਸ਼ਨਾਂ ਦਾ ਟੇਡੇ ਢੰਗ ਨਾਲ ਵਿਰੋਧ ਅਤੇ ਸਹੀ ਐਕਸ਼ਨਾਂ ਦਾ ਸਿੱਧੇ ਢੰਗ ਨਾਲ ਪਰਚਾਰ ਕਰਨਾ ਚਾਹੀਦਾ ਹੈ।

ਸੱਚੇ ਸਿੱਖ ਖਾੜਕੂ ਅਤੇ ਸੱਚੇ ਨਕਸਲਾਈਟ ਵਿਚ ਕੋਈ ਫ਼ਰਕ ਨਹੀਂ। ਕੜਾਹ ਖਾਣੇ ਸਿੱਖ (ਗੋਗੜੀ ਮਹੰਤ) ਅਤੇ ਸੱਜੇ ਖੱਬੇ ਕਾਮਰੇਡ ਵਿਚ ਕੋਈ ਫਰਕ ਨਹੀਂ। ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਤੇ ਬੇਅੰਤ ਸਿੰਘ ਸਤਵੰਤ ਸਿੰਘ ਵਿਚ ਕੋਈ ਫਰਕ ਨਹੀਂ। ਜੇ ਕੋਈ ਇਹਨਾਂ 'ਚ ਫਰਕ ਕਰਦਾ ਹੈ ਤਾਂ ਜਾਂ ਉਹ ਇਮਾਨਦਾਰ ਨਹੀਂ ਜਾਂ ਮੂਰਖਾਂ ਦੇ ਮੁਕਾਬਲੇ 'ਚੋਂ ਇਨਾਮ ਜਿੱਤਣ ਬਾਰੇ ਸੋਚਦਾ ਹੈ।

ਬਲਵਿੰਦਰ ਸਿੰਘ 'ਕੁਲਾਰ',
(ਸੰਗਰੂਰ)

'ਉਪਰੇਸ਼ਨ ਜਲੀਲ ਕਰਨਾਂ' ਦਾ ਡੱਟਵਾਂ ਵਿਰੋਧ ਕਰੋ

ਆਮ ਤੌਰ 'ਤੇ ਖਿਆਲ ਕੀਤਾ ਜਾਂਦਾ ਹੈ ਕਿ ਜਿੱਤੇ ਹੋਏ ਫੌਜੀ ਹਾਰੀ ਹੋਈ ਵਸੋਂ ਦੀਆਂ ਔਰਤਾਂ ਦੀ ਬੇਪਤੀ ਇਸ ਲਈ ਕਰਦੇ ਹਨ ਕਿ ਫੌਜੀਆਂ ਵਿਚ ਲਿੰਗ ਭੁੱਖ ਬੇਅੰਤ ਹੁੰਦੀ ਹੈ। ਪਰ ਇਹ ਅਧੂਰਾ ਸੱਚ ਹੈ। ਫੌਜੀਆਂ ਦੀ ਇਹ ਵਹਿਸ਼ਤ ਜੇਤੂਆਂ ਦੇ ਮਨੋਰਥਾਂ ਦੇ ਰਾਸ ਆਉਂਦੀ ਹੈ। ਇਹ ਹਾਰੀ ਹੋਈ ਵਸੋਂ ਦੇ ਅਣਖੀ ਕਣ ਨੂੰ ਮਾਰਦੀ ਹੈ। ਸਾਮਰਾਜੀ ਜਰਵਾਣਿਆਂ ਦਾ ਅਸਲ ਕੰਮ ਹੁੰਦਾ ਹੈ ਗੁਲਾਮ ਬਣਾਏ ਮੁਲਕ ਦੀ ਵਸੋਂ ਨੂੰ ਥਾਂ ਸਿਰ ਕਰਨਾ। ਉਸਦੀ ਮਾਨਸਿਕ ਹਾਲਤ ਐਸੀ ਬਨਾਉਣੀ ਕਿ ਉਹ ਅਗੋਂ ਕੁਸਕਣ ਜੋਗੀ ਹੀ ਨਾ ਰਹੇ। ਉਸਦੀ ਅਣਖ ਉਤੇ ਕਰਾਰੀ ਚੋਟ ਮਾਰਨੀ, ਉਸਦੇ ਬਾਗੀ ਕਣ ਨੂੰ ਖ਼ਤਮ ਕਰਨਾ ਤਾਂ ਕਿ ਆਪਣੀ ਅਜਾਦੀ ਬਾਰੇ ਲੜਨਾ ਤਾਂ ਇਕ ਪਾਸੇ ਰਿਹਾ ਲੋਕ ਆਪਣੀ ਗੁਲਾਮੀ ਬਾਰੇ ਸੋਚਣੋਂ ਵੀ ਹੱਟ ਜਾਣ। ਲੋਕਾਂ ਦੀ ਗੈਰਤ ਨੂੰ ਖ਼ਤਮ ਕਰਨ ਲਈ ਉਨ੍ਹਾਂ ਦੀਆਂ ਔਰਤਾਂ ਦੀ ਬੇਪਤੀ ਕੀਤੀ ਜਾਂਦੀ ਹੈ।

ਪੰਜਾਬ ਵਿਚ, ਅੱਜ, ਬਿਲਕੁਲ ਇਹੀ ਕੁਝ ਰਾਜੀਵ-ਗਿੱਲ-ਗੋਬਿੰਦ ਰਾਮ ਜੁੰਡਲੀ ਕਰ ਰਹੀ ਹੈ। ਦਿੱਲੀ ਸਰਕਾਰ ਦੇ ਇਸ ਅਣਮਨੁੱਖੀ ਪਸ਼ੂਪੁਣੇ ਵਿਰੁੱਧ ਪੰਜਾਬੀ ਲੋਕਾਂ ਨੂੰ ਸੁਚੇਤ ਕਰਨ ਦੇ ਪਹਿਲੇ ਹੰਭਲੇ ਵਜੋਂ, 8 ਮਾਰਚ ਨੂੰ ਔਰਤਾਂ ਦੇ ਕੌਮਾਂਤਰੀ ਦਿਹਾੜੇ 'ਤੇ, ਚੰਡੀਗੜ੍ਹ ਵਿਚ, ''ਨਾਰੀ ਮੰਚ, ਪੰਜਾਬ'' ਨੇ, 'ਏਤੀ ਮਾਰ ਪਈ ਕੁਰਲਾਣੇ', (ਪੰਜਾਬ ਵਿਚ ਔਰਤਾਂ 'ਤੇ ਹੋ ਰਹੇ ਸਰਕਾਰੀ ਜ਼ਬਰ ਦੀ ਇਕ ਰਿਪੋਰਟ, ਬਟਾਲਾ ਅਤੇ ਲੁਧਿਆਣਾ ਜ਼ਿਲੇ ਦੇ ਕੁਝ ਪਿੰਡਾਂ ਦੇ ਸੰਦਰਭ 'ਚ) ਜਾਰੀ ਕੀਤੀ ਹੈ। ਪੰਜਾਬ ਵਿਚ ਹੋਰ ਵੀ ਅਨੇਕਾਂ ਥਾਵਾਂ 'ਤੇ ਔਰਤਾਂ 'ਤੇ ਇਹੋ ਜਿਹੇ ਜਬਰ ਦੀਆਂ ਖਬਰਾਂ ਨਿੱਤ ਦਿਨ ਅਖਬਾਰਾਂ 'ਚ ਛਪਦੀਆਂ ਹਨ। ਅਸੀਂ ਸਮੂਹ ਇਨਸਾਫ ਪਸੰਦ ਤੇ ਜਮਹੂਰੀ ਲੋਕਾਂ ਨੂੰ ਸੱਦਾ ਦੇਂਦੇ ਹਾਂ ਕਿ ਉਹ ਇਹੋ ਜਿਹੀਆਂ ਘਟਨਾਵਾਂ ਦੀ ਪੂਰੀ ਜਾਣਕਾਰੀ ਹੇਠ ਲਿਖੇ ਪਤੇ 'ਤੇ ਭੇਜਣ ਦੀ ਕਿਰਪਾਲਤਾ ਕਰਨ ਤਾਂ ਕਿ ਇਸ ਸਰਕਾਰੀ ਪਸ਼ੂਪੁਣੇ ਵਿਰੁੱਧ ਜਥੇਬੰਦ ਅਵਾਜ਼ ਉਠਾਈ ਜਾ ਸਕੇ।

ਡੀ.ਐਸ. ਗਿੱਲ, ਜਨਰਲ ਸਕੱਤਰ
ਪੰਜਾਬ ਮਨੁੱਖੀ ਅਧਿਕਾਰ ਸੰਗਠਨ,
ਜਿਲਾ ਕਚਹਿਰੀਆਂ, ਲੁਧਿਆਣਾ।

ਡਾ: ਜੀਵਨ ਜੋਤ ਕੌਰ
ਕਨਵੀਨਰ, ਨਾਰੀ ਮੰਚ ਪੰਜਾਬ
ਨਿਊ ਹਰਿੰਦਰਾ ਨਗਰ ਫਰੀਦਕੋਟ।

ਕਮਿਊਨਿਸਟ ਵਿਚਾਰ ਦੇ ਦੋ ਮਹੱਤਵਪੂਰਨ ਅੰਕ ਛਪ ਕੇ ਆ ਚੁੱਕੇ ਹਨ

ਅੰਕ ਨੰਬਰ 9

— ਗਲਤ ਵਿਰਾਸਤ ਦੇ ਪੱਥਰ ਬੋਝ ਨੂੰ ਗਲੋਂ ਲਾਹੁਣ ਲਈ ਹੰਭਲਾ ਮਾਰੋ
— ਸੋਚਣ ਤੇ ਕੰਮ ਕਰਨ ਦੇ ਤੌਰ-ਤਰੀਕਿਆਂ ਨੂੰ ਨਵੇਂ ਸੱਚੇ 'ਚ ਢਾਲੋ
— ਭਾਰਤ ਅੰਦਰ ਧਾਰਮਿਕ ਘੱਟ-ਗਿਣਤੀਆਂ ਦਾ ਮਸਲਾ
— ਭਾਰਤ 'ਚ ਜ਼ਾਤਪਾਤ ਦਾ ਮਸਲਾ ਤੇ ਸਾਡੇ ਕਾਰਜ
— ਲੰਕਾ ਦੇ ਲਿਬਰੇਸ਼ਨ ਟਾਈਗਰਜ਼ ਪ੍ਰਤੀ ਪਹੁੰਚ ਕੀ ਹੋਵੇ
— ਤਿੰਨ ਰੋਜ਼ਾ ਪੰਜਾਬ ਐਕਸ਼ਨ ਦੇ ਸੱਦੇ ਦੀ ਸਾਰਥਿਕਤਾ ਨੂੰ ਚੁਣੌਤੀ

ਅੰਕ ਨੰਬਰ 10

— ਗਲਤ ਵਿਰਾਸਤ ਦੇ ਪੱਥਰ-ਬੋਝ ਨੂੰ ਗਲੋਂ ਵਗਾਹ ਮਾਰਨ ਦੀ ਜਾਂਚ ਸਿੱਖੋ
— ਵਿਦਿਆਰਥੀ ਫਰੰਟ 'ਤੇ ਕਾਰਜ
— ਦੇਸ਼ ਦੀ ਮੌਜੂਦਾ ਸਿਆਸੀ ਹਾਲਤ ਬਾਰੇ ਮਤਾ
— ਕੌਮਾਂਤਰੀ ਘਟਨਾਵਾਂ ਵਿਚ ਨਵੇਂ ਮੋੜ ਬਾਰੇ ਮਤਾ
— ਬ੍ਰਿਗੇਡ ਸਿਆਸਤ ਦਾ ਦੀਵਾਲੀਆਪਣ
'(ਹਿਰਾਵਲ ਦਸਤੇ ਦੇ ਫਰਵਰੀ ਅੰਕ ਵਿਚ ਛਪੀ ਲਿਖਤ 'ਡੁੱਬਦੇ ਨੂੰ ਤਿਣਕੇ ਦਾ ਸਹਾਰਾ' 'ਤੇ ਟਿੱਪਣੀ)
— 12 ਮਹੱਤਵਪੂਰਣ ਕਲਾਸਕੀ ਲਿਖਤਾਂ ਦੇ ਅੰਸ਼

ਭਾਰਤੀ ਹਾਕਮਾਂ ਵਲੋਂ ਪੰਜਾਬੀ ਲੋਕਾਂ ਖਾਸ ਕਰਕੇ ਵਿਦਿਆਰਥੀ ਵਰਗ ਨੂੰ ਆਰਥਿਕ, ਸਿਆਸੀ ਤੇ ਸਭਿਆਚਾਰਕ ਤੌਰ 'ਤੇ ਗੁਲਾਮੀ ਦੇ ਜੂਲੇ ਹੇਠ ਰਖਣ ਦੀਆਂ ਨੀਤੀਆਂ ਤੇ ਸਾਜਸ਼ਾਂ ਨੂੰ ਨੰਗਾ ਕਰਦੇ

ਪੰਜਾਬ ਸਟੂਡੈਂਟਸ ਯੂਨੀਅਨ ਦੇ ਬੁਲਾਰੇ

"ਵਿਦਿਆਰਥੀ ਗਰਜ" ਦੇ ਪਹਿਲੇ ਦੋ ਅੰਕ ਛੱਪ ਚੁੱਕੇ ਹਨ

ਵਿਦਿਆਰਥੀ ਗਰਜ ਦੇ ਇਹ ਦੋਵੇਂ ਅੰਕ ਹੇਠ ਲਿਖੇ ਪਤੇ ਤੋਂ ਮਿਲ ਸਕਦੇ ਹਨ। ਦੋਵਾਂ ਅੰਕਾਂ ਦੀ ਕੁੱਲ ਕੀਮਤ 5 ਰੁਪਏ ਹੈ।

ਜਨਤਕ ਪੈਗਾਮ ਲਈ ਸੰਪਰਕ ਪਤਾ :—
ਮਾਲਵਿੰਦਰ ਸਿੰਘ ਮਾਲੀ,
ਪਿੰਡ ਤੇ ਡਾਕਖਾਨਾ ਸਕਰੌਦੀ,
ਜਿਲਾ ਸੰਗਰੂਰ, 148026

ਨਵਦੀਪ ਸਿੰਘ ਬਿੱਟੂ,
ਜਨਰਲ ਸਕੱਤਰ ਪੀ. ਐਸ. ਯੂ.,
ਹੋਸਟਲ ਕਮਰਾ ਨੰਬਰ 96,
ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ

ਮਾਲਕ, ਸੰਪਾਦਕ, ਪ੍ਰਕਾਸ਼ਕ ਮਾਲਵਿੰਦਰ ਸਿੰਘ ਮਾਲੀ, ਨੇ ਜੇ.ਜੇ. ਪ੍ਰਿੰਟਰਜ ਲੁਧਿਆਣਾ ਤੋਂ ਛਪਵਾਕੇ ਪ੍ਰਕਾਸ਼ਤ ਕੀਤਾ।

ਮਨੁਖੀ ਹੱਕਾਂ ਨੂੰ ਪੈਰਾਂ ਹੇਠ ਕੁਚਲਣ ਦਰੜਣ ਤੋਂ ਬਾਅਦ
ਰਾਜੀਵ-ਗਿੱਲ-ਗੋਬਿੰਦ ਰਾਮ ਜੁੰਡਲੀ ਵਲੋਂ

'ਉਪਰੇਸ਼ਨ ਜਲੀਲ ਕਰਨਾ'

ਤਹਿਤ ਪੰਜਾਬ ਦੀਆਂ ਮਾਵਾਂ-ਧੀਆਂ-ਭੈਣਾਂ ਨੂੰ ਬੇਪਤ ਕਰਨ ਅਤੇ ਔਰਤਾਂ 'ਤੇ ਹੋ ਰਹੇ ਅਤਿਆਚਾਰਾਂ

ਵਿਰੁੱਧ ਰੋਸ ਪਰਗਟ ਕਰਨ ਲਈ

30 ਅਪਰੈਲ ਨੂੰ

ਸੜਕੀ ਆਵਾਜਾਈ ਠੱਪ ਕਰੋ

ਜੁਝਾਰੂ ਪੰਜਾਬੀ ਵੀਰੋ

ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਨੌਜਵਾਨਾਂ ਦੇ ਖੂਨ 'ਚ ਹੱਥ ਰੰਗ ਰਹੀ ਦਿੱਲੀ ਸਰਕਾਰ ਨੇ ਅੱਜ ਪੰਜਾਬ ਦੀ ਪੱਗ ਨੂੰ ਹੱਥ ਪਾਉਣ ਦੀ ਜੁਰਅੱਤ ਕੀਤੀ ਹੈ। ਸਦੀਆਂ ਤੋਂ ਲੁਟੇਰੇ ਧਾੜਵੀ ਪੰਜਾਬ ਦੀ ਅਣਖ ਨੂੰ ਚੁਣੌਤੀ ਦੇਂਦੇ ਆ ਰਹੇ ਹਨ ਪਰ ਪੰਜਾਬੀ ਗੈਰਤ ਦੇ ਸਾਹਮਣੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਹੈ। ਅੱਜ ਇਕ ਵਾਰ ਫਿਰ ਨਾਦਰਸ਼ਾਹ, ਵਜੀਦੇ ਤੇ ਮੀਰਮੰਨੂ ਦੀਆਂ ਰੂਹਾਂ ਗਿੱਲ-ਗੋਬਿੰਦ ਰਾਮ ਜੁੰਡਲੀ 'ਚ ਸਮਾ ਗਈਆਂ ਹਨ। ਰਾਜੀਵ ਗਾਂਧੀ ਦੀ ਪੂਰੀ ਹਿਮਾਇਤ ਨਾਲ ਇਸ ਮੰਡਲੀ ਨੇ ਬਟਾਲਾ ਪੁਲਸ ਜਿਲੇ ਦੇ ਘੇਰੇ ਅੰਦਰ ਆਉਂਦੇ ਇਲਾਕਿਆਂ 'ਚ ਸ਼ਰੇਆਮ ਸਾਡੀਆਂ ਧੀਆਂ-ਭੈਣਾਂ ਨੂੰ ਜਲੀਲ ਕਰਨਾ ਆਰੰਭਿਆ ਹੋਇਆ ਹੈ। ਥਾਣਿਆਂ 'ਚ ਬੁਲਾ ਕੇ ਪੁਲਸੀ ਕੁੱਤੇ ਔਰਤਾਂ ਨੂੰ ਨੰਗਿਆਂ ਕਰਦੇ ਹਨ, ਭਰਾਵਾਂ ਕੋਲੋਂ ਭੈਣਾਂ ਨੂੰ ਕੁਟਵਾਇਆ ਜਾਂਦਾ ਹੈ, ਸੱਥਾਂ 'ਚ ਪਿੰਡ ਵਾਸੀਆਂ ਕੋਲੋਂ ਪਿੰਡ ਦੀਆਂ ਔਰਤਾਂ ਨੂੰ ਜ਼ਬਰੀ ਗਾਹਲਾਂ ਕਢਵਾਈਆਂ ਜਾਂਦੀਆਂ ਹਨ ਅਤੇ ਹੋਰ ਅਜਿਹਾ ਕਿੰਨਾ ਕੁਝ ਕੀਤਾ ਜਾਂਦਾ ਹੈ ਜਿਹੜਾ ਬਿਆਨੋ ਬਾਹਰਾ ਹੈ।

ਅਣਖੀਲੇ ਪਜਾਬੀ ਲੋਕੋ, ਉੱਠੋ, ਆਪਣੇ ਅਣਖੀ ਵਿਰਸੇ ਨੂੰ ਪਛਾਣੋ, ਅਤੇ 30 ਅਪਰੈਲ ਨੂੰ ਸਮੁੱਚੇ ਪਜਾਬ ਵਿਚ ਸੜਕੀ ਆਵਾਜਾਈ ਠੱਪ ਕਰਕੇ ਦਿੱਲੀ ਦੇ ਸੂਬੇਦਾਰਾਂ ਨੂੰ ਮਜਬੂਰ ਕਰੋ ਕਿ :—

1. ਔਰਤਾਂ 'ਤੇ ਵਹਿਸ਼ੀ ਅਤਿਆਚਾਰਾਂ ਨੂੰ ਬੰਦ ਕੀਤਾ ਜਾਵੇ ਅਤੇ
2. ਔਰਤਾਂ 'ਤੇ ਅਣਮਨੁਖੀ ਜ਼ਬਰ ਕਰਨ ਦੇ ਜ਼ਿੰਮੇਵਾਰ ਪੁਲਿਸ ਅਫਸਰਾਂ ਨੂੰ ਫੌਰੀ ਮੁਅੱਤਲ ਕਰਕੇ ਉਨ੍ਹਾਂ 'ਤੇ ਫੌਜਦਾਰੀ ਕੇਸ ਦਰਜ ਕੀਤੇ ਜਾਣ ਅਤੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ
ਨਾਰੀ ਮੰਚ, ਪੰਜਾਬ

ਪੰਜਾਬ ਸਟੂਡੈਂਟਸ ਯੂਨੀਅਨ

To Book Post, PRINTED MATTER

JANTAK PAIGHAM
35.AL/TC/87/070523